੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ

Khalsa Samachar

Rs. 5/-

ਸਪਤਾਹਿਕ/ Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 19, 1-7 April, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੧੯, ੧-੭ ਅਪ੍ਰੈਲ ੨੦੨੧, ਜਿਲਦ ੩੧ | ੧੯-੨੫ ਚੇਤਰ ੨੦੭੭, ਨਾਨਕਸ਼ਾਹੀ ਸੰਮਤ ੫੫੩


# ਬਲਿਹਾਰੀ ਕੁਦਰਤਿ ਵਸਿਆ॥


❖ ਭਾਈ ਸਾਹਿਬ ਭਾਈ ਵੀਰ ਸਿੰਘ


**ਇਸ ਲੇਖ ਵਿਚ ਭਾਈ ਸਾਹਿਬ ਰਾਹੀਂ ਪਾਠਕਾਂ ਨੂੰ ਲਿਖੇ ਜਵਾਬੀ ਪੱਤਰ ਹਨ। ਦੁਨਿਆਵੀ ਅਤੇ ਪ੍ਰਮਾਰਥਕ ਗੁੰਝਲਾਂ ਨੂੰ ਖੋਲਦੇ ਇਹ ਪੱਤਰ ਅੱਜ ਵੀ ਪ੍ਰਸੰਗਕ ਹਨ ਅਤੇ ਸਾਡਾ ਮਾਰਗ ਦਰਸ਼ਨ ਕਰਦੇ ਹਨ।**

**-ਸੰਪਾਦਕ**

ਮਨ— ਜਦ ਨਾਮ ਸਿਮਰਦਾ ਉੱਚੇ ਰੰਗ ਵਿਚ ਇਕ ਸੁਰ ਹੋ ਜਾਂਦਾ ਹੈ, ਤਦ ਆਪੇ ਵਿਚ ਟਿਕ ਜਾਈਦਾ ਹੈ।

ਕਾਦਰ ਕੁਦਰਤ ਵਿਚ ਵਿਆਪਕ ਹੈ।

**ਬਲਿਹਾਰੀ ਕੁਦਰਤਿ ਵਸਿਆ॥**

(ਵਾਰ ਆਸਾ ਮਹਲਾ ੧-੧੨, ਅੰਗ ੪੬੯)

**ਵ- ਕੁਦਰਤਿ ਕਰਿ ਕੈ ਵਸਿਆ ਸੋਇ॥**

(ਵਾਰ ਸਿਰੀ ਰਾਗੁ ਮਹਲਾ ੧-੧੨, ਅੰਗ ੮੪)

ਨਾਮ— 'ਕੁਦਰਤਿ ਵਸੇ' ਦਾ ਸਿਮਰੀਦਾ ਹੈ, ਉਸ ਨਾਲ ਤਦਰੂਪ ਹੋਣ ਦੇ ਸਮੇਂ ਕੁਦਰਤ ਵੱਖਰੀ ਨਹੀਂ ਰਹਿ ਜਾਂਦੀ। ਉਸ ਪਿਆਰੇ ਦੇ ਮੇਲ ਦਾ ਰਸ ਮਾਣੀਦਾ ਹੈ। ਕੁਦਰਤ ਵਿਚੇ ਕਾਦਰ ਨਾਲ ਆ ਜਾਂਦੀ ਹੈ।

ਅੰਦਰ............


- ਬੇਬੇ ਨਾਨਕੀ ਜੀ 3
- ਸੰਤ ਬਿਮਲਾ ਸਿੰਘ: ਕ੍ਰਿਤਾਰਥ ਜੀਵਨ 5
- Eco-Philosophy of Guru Granth Sahib 7
- ਰੀਪੋਰਟ: ਸਿੱਖ ਕੰਨਿਆਂ ਮਹਾਂਵਿਦਿਆਲਾ, ਫੀਰੋਜ਼ਪੁਰ 9
- 100 ਸਾਲ ਪਹਿਲਾਂ: ਖਾਲਸਾ ਜੀ ਹੁਸ਼ਯਾਰ ! 10
- ਸ਼ਬਦ ਵਿਆਖਿਆ 11
- ਖਬਰ-ਸਾਰ 12


ਕੁਦਰਤ ਆਪਣੀ ਨੂੰ ਉਹ ਆਪ ਜਾਣਦਾ ਹੈ। ਵਾਕ ਹੈ-

**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ॥**

(ਬਸੰਤ ਮਹਲਾ ੫-੨੦, ਅੰਗ ੧੧੮੫)

ਕਰਤਾ ਇਕ ਹੈ, ਕੁਦਰਤ ਅਨੇਕ ਹੈ, ਇਕ ਨਾਲ ਜੁੜੀਦਾ ਹੈ। ਅਨੇਕਤਾ ਜੁ ਉਸ ਦੇ ਆਸ਼੍ਰਿਤ ਹੈ ਵੱਖ ਨਹੀਂ ਰਹਿ ਜਾਂਦੀ।

ਬੰਦਗੀ ਵਾਲੇ ਵਿਚ ਦਇਆ ਧਰਮ ਦੇ ਭਾਵਾਂ ਨੇ ਆਉਣਾ ਹੀ ਹੋਇਆ। ਉਨ੍ਹਾਂ ਦਾ ਕੰਮ ਹੁੰਦਾ ਹੈ, ਮਨ ਨਿਰਮਲ ਕਰ ਜਾਣਾ।

ਬਲਿਹਾਰੀ ਕਾਦਰ ਤੋਂ ਹੋਈਦਾ ਹੈ। ਵਾਕ ਹੈ-

**ਬਲਿਹਾਰੀ ਕੁਦਰਤਿ ਵਸਿਆ॥**

(ਵਾਰ ਆਸਾ ਮਹਲਾ ੧-੧੨, ਅੰਗ ੪੬੯)

ਹੇ ਕੁਦਰਤ ਵਿਚ ਵਸ ਰਹੇ ਵਾਹਿਗੁਰੂ, ਤੈਥੋਂ ਬਲਿਹਾਰ ਹਾਂ। ਵਿਸ਼ਯ ਲੰਮੇਰਾ ਹੈ ਸੰਖੇਪ ਕਰ ਸਮਝ ਲੈਣਾ।

ਨੀਂਦ ਪੂਰੀ ਕਰਿਆ ਕਰੋ। ਸੈਰ ਜ਼ਰੂਰੀ ਕਰਨੀ ਚਾਹੀਏ। ਸ੍ਰੀਰਕ ਸਿਹਤ ਦਾ ਖਿਆਲ ਆਤਮਕ ਰਸ ਮਾਣਨ ਦੇ ਸਹਾਈ ਹੁੰਦਾ ਹੈ।

## ਹੁਕਮ ਤੇ ਕਰਮ

ਤੁਹਾਡੀ ਚਿੱਠੀ ਵਿਚ ਤੁਹਾਡੀ ਜੱਦੋ-ਜਿਹਦ ਆਪਣੇ ਮਨ ਨੂੰ ਰਾਸ ਕਰਨ ਦੀ ਵਾਚੀ ਹੈ। ਇਹੀ ਤਰੀਕਾ ਹੈ ਜੋ ਆਪ ਜੀ ਨੇ ਵਰਤਿਆ ਹੈ ਪਰ ਮਨ ਟਿਕਾਉ ਖਾਕੇ ਵੀ ਚੋਭ ਜੇਹੀ ਪ੍ਰਤੀਤ ਕਰਦਾ ਰਹਿੰਦਾ ਹੈ। ਕਿਉਂਕਿ ਐਸੀਆਂ ਸੱਟਾਂ ਮਨ ਦੇ ਅਗਯਾਤ ਹਿੱਸੇ ਵਿਚ ਜਾਂਦੀਆਂ ਹਨ ਤੇ ਸਗਯਾਤ ਮਨ ਠੀਕ ਹੋ ਗਿਆ ਤਾਂ ਬੀ ਹੇਠੋਂ ਉਹ ਮਨ ਚੋਭ ਦਿੰਦਾ ਰਹਿੰਦਾ ਹੈ। ਪਰ ਸਤਿਸੰਗ-ਕੀਰਤਨ ਬਾਣੀ ਦੇ ਪਾਠ ਵਿਚਾਰ ਨਾਲ ਉਹ ਵੀ ਠੀਕ ਹੋ ਜਾਂਦਾ ਹੈ।

ਜੋ ਕੁਝ ਹੁੰਦਾ ਹੈ ਉਸ ਦੇ ਹੁਕਮ ਵਿਚ ਹੁੰਦਾ ਹੈ। ਹੁਕਮ ਕੁਝ ਤਾਂ ਆਪਣੇ ਕਰਮਾਂ ਪਿਛਲਿਆਂ ਦੀ ਕੋਈ ਗਤੀ ਨਾਲ ਹੁੰਦਾ ਹੈ ਤੇ ਬਾਕੀ ਉਸ ਦੇ ਆਪਣੇ ਰੰਗ ਹਨ। ਇਨ੍ਹਾਂ ਦੀ ਸਾਨੂੰ ਸਮਝ ਨਹੀਂ। ਦੁਇ ਕੀਕੂੰ ਕੰਮ ਕਰਦੇ ਹਨ? ਗੁਰੂ ਸਾਹਿਬ ਨੇ ਇਕ ਮਿਸਾਲ ਨਾਲ ਦੱਸਿਆ ਹੈ:-

ਹੁਕਮ ਹੈ: 'ਨਕਿ ਨਥ ਖਸਮ ਹਥ', ਤੇ ਇਹ ਕਰਮ ਹੈ: 'ਕਿਰਤੁ ਧਕੇ ਦੇ'।

ਸਾਡੇ ਲਈ ਨਖੇੜ ਕੇ ਸਮਝ ਸਕਣਾ ਕਠਨ ਹੈ। ਇਸ ਲਈ 'ਹੁਕਮ' ਸਮਝ ਲਿਆ-

**ਜੋ ਹੋਆ ਹੋਵਤ ਸੋ ਜਾਨੈ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ॥**
(ਸੁਖਮਨੀ ੧੦-੭, ਅੰਗ ੨੮੬)

**ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥**
ਇਹ ਹੁਕਮ ਬੁੱਝਣ ਲਈ
**ਤਿਸ ਕਾ ਨਾਮੁ ਰਖੁ ਕੰਠਿ ਪਰੋਇ॥**
(ਸੁਖਮਨੀ ੧੪-੧, ਅੰਗ ੨੮੧)

ਅਸਲ ਵਿਚ ਨਾਮ ਦੇ ਰਸਤੇ ਵਿਚ ਕਠਨਤਾ ਉਸ ਵੇਲੇ ਵਾਪਰਦੀ ਹੈ ਜਦ ਆਪਣੇ ਸੁਖਾਂ ਤੇ ਲੋੜਾਂ ਤੇ ਮੰਗਾਂ ਦੇ ਉਲਟ ਭਾਣਾ ਵਰਤਦਾ ਹੈ। ਤੁਸਾਂ ਮੇਰੀ ਜਾਚੇ ਭਾਗਾਂ ਵਾਲੇ ਹੋ ਜੋ ਆਪਣੀ ਜੱਦੋ-ਜਿਹਦ ਨਾਲ ਸੰਭਲ ਗਏ ਹੋ ਤੇ ਮੇਰੀ ਅਰਦਾਸ ਹੈ ਕਿ ਆਪ ਦੇ ਨਿੱਕੀ ਜੇਹੀ ਚੋਭ ਜੋ ਰਹਿ ਗਈ ਹੈ ਰਫਾ ਹੋ ਜਾਏ।

ਜੋ ਪ੍ਰਾਪਤ ਹੈ ਇਸ ਦੇ ਸ਼ੁਕਰ ਵਿਚ ਆਪਣੇ ਆਪ ਨੂੰ ਰਖੋ। ਜੋ ਖੁੰਝ ਗਿਆ ਹੈ ਉਸ ਲਈ ਉਦਾਸੀ ਨੂੰ ਦੂਰ ਰਖੋ, ਜੋ ਸਿਮਰਨ ਜਾਰੀ ਰਹੇ। ਇਹ ਐਸਾ ਦਾਰੂ ਹੈ ਜੋ ਸਭ ਦੁਖ ਦੂਰ ਕਰਦਾ ਹੈ-

**ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥**
(ਵਾਰ ਮਲਾਰ ਮਹਲਾ ੨-੩, ਅੰਗ ੧੨੭੯)

ਉਹ ਦਾਰੂ ਨਾਮ ਹੈ। ਨਾਮ ਸਾਡਾ ਮਨ ਦੇ ਗਿਆਤ ਹਿੱਸੇ ਵਿਚ ਹੁੰਦਾ ਹੈ। ਇਸ ਦੀ ਸਿੰਜਰਾਈ ਮਨ ਦੇ ਅਗਿਆਤ ਹਿੱਸੇ ਵਿਚ ਹੁੰਦੀ ਹੈ। ਸੋ ਉਹ ਉਥੇ ਵੀ ਸਹਿਜੇ ਸਹਿਜੇ ਠੰਡ ਵਰਤਾ ਦਿੰਦਾ ਹੈ। ਤੁਸੀਂ ਆਪਣੇ ਪ੍ਰਯਤਨ ਵਿਚ ਲਗੇ ਰਹੋ। ਵਾਹਿਗੁਰੂ ਮੇਹਰ ਕਰੇ, ਤੇ ਅਰਦਾਸ ਸੁਣੇ। ਫਕੀਰ ਪਾਸ ਅਰਦਾਸ ਦਾ ਹੀ ਤਾਣ ਤਕੀਆ ਹੁੰਦਾ ਹੈ। ਮੇਰੀ ਤਾਂ ਇਹ ਬੀ ਅਰਦਾਸ ਹੈ ਕਿ ਵਾਹਿਗੁਰੂ ਆਪ ਦੀ ਬਰਦਾਸ਼ਤ ਨੂੰ ਸਫਲਾਵੇ ਤੇ ਆਸਾ ਪੂਰੀ ਕਰੇ।

## ਸੁਰਤ ਦਾ ਟਿਕਾਉ ਭਾਣੇ ਮੰਨਣ ਲਈ

ਗੁਰੂ ਦੀ ਮੇਹਰ ਹੈ ਕਿ ਆਪ ਜੀ ਇਸ ਵੇਲੇ ਰਜ਼ਾ ਵਿਚ ਖੜੋ ਗਏ ਹੋ। ਨਾਮ ਅਭਿਆਸ ਨਾਲ ਸੁਰਤ ਪਕਦੀ ਹੈ। ਇਸ ਦੇ ਪਕਾ ਦੇ ਮੁਤਾਬਿਕ ਇਸਦੀ ਰਉਂ ਰੁੱਖ ਭਾਣਿਆਂ ਵਲ ਹੁੰਦੀ ਹੈ। ਇਹ ਰਉਂ ਰੁੱਖ ਕਈ ਪ੍ਰਕਾਰ ਦੀ ਹੈ, ਪਰ ਚਾਰ ਤਾਂ ਮੋਟੇ ਮੋਟੇ ਦਰਜੇ ਇਹ ਹਨ:-

1. **ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥**
**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥**
(ਧਨਾਸਰੀ ਤ੍ਰਿਲੋਚਨ ਜੀ, ਅੰਗ ੬੯੫)

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥**
(ਆਸਾ ਮਹਲਾ ੧-ਪਟੀ, ਅੰਗ ੪੩੩)

2. **ਜਿਸੁ ਠਾਕੁਰ ਸਿਉ ਨਾਹੀ ਚਾਰਾ॥**
**ਤਾ ਕਉ ਕੀਜੈ ਸਦ ਨਮਸਕਾਰਾ॥**
(ਸੁਖਮਨੀ ੫-੧, ਅੰਗ ੨੬੮)

(ਇਸ ਪੰਜਵੀਂ ਅਸਟਪਦੀ ਦੇ ੮ ਪਦੇ ਵਾਚ ਲੈਣੇ ਸੁਖਦਾਈ ਹੋਣਗੇ)।

3. **ਮੀਤੁ ਕਰੈ ਸੋਈ ਹਮ ਮਾਨਾ॥**
**ਮੀਤ ਕੇ ਕਰਤਬ ਕੁਸਲ ਸਮਾਨਾ॥੧॥**
**ਏਕਾ ਟੇਕ ਮੇਰੈ ਮਨਿ ਚੀਤ॥**
**ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥੧॥ਰਹਾਉ॥**
(ਗਉੜੀ ਮਹਲਾ ੫-੧੦੯, ਅੰਗ ੧੮੭)

4. **ਸੋਈ ਸਿਆਣਾ ਸੋ ਪਤਿਵੰਤਾ**
**ਹੁਕਮੁ ਲਗੈ ਜਿਸੁ ਮੀਠਾ ਜੀਉ॥**
(ਮਾਝ ਮਹਲਾ ੫-੪੯, ਅੰਗ ੧੦੮)

ਗੱਲਾਂ ਨਾਲ ਜੋ ਭਾਣੇ ਤੇ ਸ਼ਾਕਰ ਬਣਦੇ ਹਨ, ਖੇਚਲ ਵੇਲੇ ਔਖ ਤੇ ਡੋਲਨ ਤੋਂ ਨਹੀਂ ਬਚਦੇ। ਸੁਰਤ ਦੇ ਪਕਾ ਉਤੇ ਸੁਰਤੀ ਹਿੱਲੇ ਵੀ ਤਾਂ ਟਿਕਾਣੇ ਆ ਜਾਂਦੀ ਹੈ।

ਦਸਾਂ ਗੁਰੂ ਸਾਹਿਬਾਂ ਦੀ ਜੀਵਨੀ ਨੇ ਇਹ ਵੀ ਸਿਖਾਇਆ ਹੈ ਕਿ ਆਪਣਾ ਯਤਨ ਰਜ਼ਾ ਤੇ ਖੜੇ ਰਹਿਕੇ ਕਰਦੇ ਰਹਿਣਾ ਮਾੜਾ ਨਹੀਂ, ਪਰ ਸਾਂਈਂ ਦੇ ਨਾਲੋਂ ਸੁਰਤ ਨਾ ਵਿਛੁੜੇ। ਤੇ ਜੇ ਕਾਮਯਾਬੀ ਨਾ ਹੋਵੇ ਤਾਂ ਭਾਣਾ ਮੰਨੇ, ਤੇ ਸਮਝੇ ਕਿ ਕੁਝ ਭਲਾਈ ਹੋਸੀ ਜੋ ਸਾਡੀ ਸਮਝੋਂ ਪਰੇ ਹੈ।

## ਸੁੰਦਰਤਾ

ਖ਼ੁਸ਼ੀ ਹੋਈ ਕਿ ਹੁਣ ਵੱਲ ਹੋ ਤੇ ਆਪਣੀ ਅੰਦਰਲੀ ਆਤਮ ਸੁੰਦਰਤਾ ਵਿਚ ਸੁਖੀ ਹੋ ਰਹੇ ਹੋ। ਅੰਦਰਲੀ ਰੂਹ ਸੁੰਦਰ ਹੈ। ਉਸ ਦੀ ਗ਼ਜ਼ਾ (ਖ਼ੁਰਾਕ) ਅੰਦਰਲੀ ਸੁੰਦਰਤਾ ਹੈ।

ਬਾਹਰਲੀ ਸੁੰਦਰਤਾ ਦਾ ਝਲਕਾ ਉਸ ਨੂੰ ਪਾਲਦਾ ਹੈ। ਸਿਮਰਨ, ਸਹਿਜੇ ਦਾ ਸਿਮਰਨ ਕਰੀਦਾ ਹੈ। ਸਾਰੀ ਸੁੰਦਰਤਾ ਦੇ ਮੂਲ ਨੂੰ ਸਿਮਰੀਦਾ ਹੈ। ਉਸ ਦੀ ਸੁੰਦਰਤਾ ਅੰਦਰ ਹੈ। ਉਸ ਦੀ ਸੁੰਦਰਤਾ ਬਾਹਰ ਵਿਸ਼ਾਲ ਵਿਸ਼ਵ ਵਿਚ ਵਿਸ਼ਾਲ ਰੂਪ ਹੋਕੇ ਝਲਕਾਰੇ ਦੇ ਰਹੀ ਹੈ।

ਹਾਂ-ਰਸਮਈ ਸਿਮਰਨ, ਹਜ਼ੂਰੀ ਦਾ ਸਿਮਰਨ-ਸਰਬ ਸੁਖ-ਦਾਤਾ ਹੈ। ਲੱਗੇ ਰਹੋ! ਗੁਰੂ ਲਾਈ ਰੱਖੇ।

**- ਗੁਰਮੁਖ ਸਿੱਖਿਆ**

❖ ❖ ❖ ❖

# ਬੇਬੇ ਨਾਨਕੀ ਜੀ

❖ ਪ੍ਰਿੰ. ਕੁਲਦੀਪ ਸਿੰਘ ਹਉਰਾ

ਬੇਬੇ ਨਾਨਕੀ ਕੇਵਲ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਹੀ ਨਹੀਂ ਸੀ, ਸਗੋਂ ਗੁਰੂ ਨਾਨਕ ਦੇਵ ਜੀ ਤੇ ਵਿਸ਼ਵਾਸ ਲਿਆਉਣ ਅਤੇ ਉਹਨਾਂ ਦੇ ਧਰਮ ਨੂੰ ਸਭ ਤੋਂ ਪਹਿਲੇ ਧਾਰਨ ਕਰਨ ਵਾਲੀ ਵੀ ਬੇਬੇ ਨਾਨਕੀ ਹੀ ਸੀ। ਬੇਬੇ ਨਾਨਕੀ ਦਾ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਅਤਿ ਨਿਕਟਤਾ ਵਾਲਾ ਸਬੰਧ ਰਿਹਾ। ਉਹ ਕੇਵਲ ਉਹਨਾਂ ਦੇ ਭੈਣ ਜੀ ਹੀ ਨਹੀਂ ਸਨ, ਸਗੋਂ ਉਹਨਾਂ ਦੇ ਸਲਾਹਕਾਰ, ਪਾਲਣ-ਪੋਸਣ ਕਰਨ ਵਾਲੇ ਮਾਤਾ ਸਮਾਨ, ਵੀਰ ਨਾਨਕ ਦੇ ਦਿਲ ਦੀਆਂ ਜਾਨਣ ਵਾਲੇ, ਉਸ ਦੇ ਦੁਖਾਂ-ਸੁਖਾਂ ਦੇ ਭਾਈਵਾਲ ਅਤੇ ਵੀਰ ਦੀ ਗੈਰ-ਹਾਜ਼ਰੀ ਵਿਚ ਉਸ ਦੇ ਪਰਿਵਾਰ ਦੀ ਸਾਂਭ-ਸੰਭਾਲ ਕਰਨ ਵਾਲੇ ਵੀ ਸਨ। ਬੇਬੇ ਨਾਨਕੀ ਦਾ ਸਿੱਖ-ਇਤਿਹਾਸ ਵਿਚ ਸ੍ਰੇਸ਼ਠ ਸਥਾਨ ਹੈ।

ਬੇਬੇ ਨਾਨਕੀ ਜੀ ਦੇ ਪਿਤਾ ਦਾ ਨਾਮ ਮਹਿਤਾ ਕਲਿਆਣ ਦਾਸ (ਕਾਲੂ ਜੀ) ਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਤਹਿਸੀਲ-ਜ਼ਿਲਾ ਲਾਹੌਰ ਹੀ ਸੀ ਜਦੋਂ ਕਿ ਮਹਿਤਾ ਕਲਿਆਣ ਦਾਸ ਦਾ ਜੱਦੀ ਪਿੰਡ ਡੇਹਰਾ ਜਾਮਾ ਰਾਏ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਸੀ। ਕਲਿਆਣ ਦਾਸ ਦੇ ਪਿਤਾ ਸ਼ਿਵ ਰਾਮ ਜੀ ਇਸ ਪਿੰਡ ਦੇ ਵਸਨੀਕ ਸਨ, ਪਰ ਕਲਿਆਣ ਦਾਸ ਜੀ ਮਹਿਕਮਾ ਮਾਲ ਵਿਚ ਪਟਵਾਰੀ ਲੱਗ ਕੇ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲਾ ਸ਼ੇਖੂਪੁਰੇ ਵਿਚ ਆ ਗਏ ਤੇ ਰਾਏ ਬੁਲਾਰ ਪਾਸ ਨੌਕਰੀ ਕਰਦੇ ਰਹੇ। ਉਹਨਾਂ ਦੇ ਛੋਟੇ ਭਰਾ ਲਾਲ ਚੰਦ ਆਪਣੇ ਜੱਦੀ ਪਿੰਡ ਜਾਮਾ ਰਾਏ ਹੀ ਰਹੇ। ਪੰਜਾਬ ਦੇ ਪਿੰਡਾਂ ਵਿਚ ਪੁਰਾਣਾ ਰਿਵਾਜ ਹੈ ਕਿ ਪਹਿਲੇ ਜਣੇਪੇ ਸਮੇਂ ਲੜਕੀ ਆਪਣੇ ਪੇਕੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਆਪਣੇ ਪਹਿਲੇ ਬੱਚੇ ਸਮੇਂ ਬੀਬੀ ਤ੍ਰਿਪਤਾ ਜੀ ਆਪਣੇ ਪੇਕੇ ਪਿੰਡ 'ਚਾਹਲ' ਆਈ ਹੋਈ ਸੀ, ਜਿਥੇ ਸੰਮਤ ੧੫੨੧ ਮੁਤਾਬਕ 1464 ਈਸਵੀ ਨੂੰ ਉਸ ਦੇ ਘਰ ਇਕ ਬੱਚੀ ਨੇ ਜਨਮ ਲਿਆ। ਬੱਚੀ ਦਾ ਜਨਮ ਨਾਨਕੇ ਪਿੰਡ ਹੋਣ ਕਰਕੇ ਉਸ ਦਾ ਨਾਂ 'ਨਾਨਕੀ' ਪੈ ਗਿਆ। ਇਹੋ ਭਾਗਾਂ ਵਾਲੀ 'ਨਾਨਕੀ' ਸੀ ਜਿਸ ਨੇ ਘਰ ਦੇ ਸਾਰੇ ਜੀਆਂ ਦਾ ਪਿਆਰ ਮਾਣਿਆ। ਪਿਤਾ ਜੀ (ਮਹਿਤਾ ਕਲਿਆਣ ਦਾਸ) ਦਾ ਸੁਭਾਅ ਕੁਝ ਕਰੜਾ ਸੀ। ਇਸ ਗੱਲ ਨੂੰ ਜਾਣਦਿਆਂ ਹੋਇਆਂ ਬੇਬੇ ਨਾਨਕੀ ਦਾ ਚਾਚਾ ਮਹਿਤਾ ਲਾਲ ਚੰਦ ਆਪ ਬਾਲੜੀ ਨਾਨਕੀ ਦੇ ਚਾਅ ਮਲਾਰ ਕਰਨ ਲਈ ਰਾਇ ਭੋਇ ਕੀ ਤਲਵੰਡੀ ਆਇਆ, ਜਦੋਂ ਮਾਤਾ ਤ੍ਰਿਪਤਾ ਜੀ ਸਵਾ ਮਹੀਨੇ ਪਿਛੋਂ 'ਪਲੇਠੀ-ਜਾਈ' ਲੈ ਕੇ ਪੇਕਿਉਂ ਤਲਵੰਡੀ ਆ ਗਈ ਸੀ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਬੇਬੇ ਨਾਨਕੀ ਜੀ ਦੀ ਉਮਰ ਲਗ-ਭਗ ਪੰਜ ਸਾਲ ਸੀ।

ਕਰਤਾ **ਮਹਾਨ-ਕੋਸ਼** ਅਨੁਸਾਰ 'ਨਾਨਕ' ਦੇ ਅਰਥ ਹਨ, 'ਦਵੈਤ ਤੋਂ ਰਹਿਤ, ਅਦਵੈਤ ਰੂਪ'। ਜੇ ਨਾਨਕ ਨਾਮ ਦੀ ਆਪਣੀ ਵਿਲੱਖਣਤਾ ਹੈ ਤਾਂ 'ਨਾਨਕੀ' ਵੀ ਆਮ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਬੜੇ ਗੰਭੀਰ ਸੁਭਾਅ ਦੀ ਸੀ। ਭਾਵੇਂ ਉਹ ਪੇਕੇ ਘਰ ਰਹੀ ਜਾਂ ਵਿਆਹ ਤੋਂ ਪਿਛੋਂ ਸੁਲਤਾਨਪੁਰ ਆਪਣੇ ਪਤੀ ਜੈ ਰਾਮ ਜੀ ਪਾਸ, ਉਸ ਨੇ ਆਪਣੇ ਫਰਜ਼ਾਂ ਦੀ ਪਾਲਨਾ ਬੜੇ ਸੋਹਣੇ ਢੰਗ ਨਾਲ ਕੀਤੀ। ਮਾਪਿਆਂ ਦੇ ਘਰ ਰਹਿ ਕੇ, ਵਿਆਹ ਤੋਂ ਪਹਿਲੋਂ ਉਸ ਨੇ ਆਪਣੇ ਸੋਹਣੇ ਵੀਰ ਦੇ ਬਚਪਨ ਦੇ ਕੌਤਕ ਵੇਖੇ। ਉਹ 'ਨਾਨਕ-ਵੀਰ' ਤੇ 'ਨਾਨਕ-ਗੁਰੂ' ਨੂੰ ਦਿਲ ਦੀਆਂ ਡੂੰਘਾਈਆਂ ਤੋਂ ਵੇਖ ਕੇ ਬਲਿਹਾਰ ਹੁੰਦੀ ਸੀ। ਉਹ ਆਪਣੇ ਨੂਰੀ-ਮੁਖੜੇ ਵਾਲੇ ਵੀਰੇ ਨੂੰ ਲਾਡ ਲਡਾਂਦੀ, ਕੁਛੜ ਚੁੱਕ ਕੇ ਖਡਾਂਦੀ, ਆਂਢ-ਗੁਆਂਢ ਵਿਚ ਲੈ ਲੈ ਜਾਂਦੀ। ਜਦੋਂ ਪਲ-ਛਿਨ ਲਈ ਵੀਰ ਨਾ ਦਿੱਸਦਾ ਤਾਂ ਤਰਲੋ-ਮੱਛੀ ਹੁੰਦੀ ਆਵਾਜ਼ਾਂ ਮਾਰਦੀ, 'ਵੀਰ ਨਾਨਕ, ਨਾਨਕ ਵੀਰ ਕਿਥੇ ਵੇਂ?' ਜਦੋਂ ਉਸ ਦਾ ਵੀਰ ਪਾਂਧੇ ਪਾਸ ਪੜ੍ਹਨ ਗਿਆ, ਜਦੋਂ ਵੀਰ ਨੇ ਮਝੀਆਂ ਚਾਰੀਆਂ, ਜਦੋਂ ਵੀਰ ਦੇ ਮੱਥੇ 'ਤੇ ਨਾਗ ਨੇ ਛਾਂ ਕੀਤੀ, ਜਦੋਂ ਨਾਨਕ ਵੀਰ ਨੇ ਪੈਲੀ ਬੀਜੀ, ਜਦੋਂ ਵੀਰ ਨਾਨਕ ਨੇ ਖਰਾ ਸੌਦਾ ਕੀਤਾ, ਜਦੋਂ ਵੀਰ ਨਾਨਕ ਵੇਈਂ 'ਚੋਂ ਤਿੰਨ ਦਿਨਾਂ ਬਾਅਦ ਬਾਹਰ ਆਇਆ, ਭੈਣ ਨਾਨਕੀ ਇਹ ਸਭ ਕਉਤਕ ਵੇਖਦੀ ਰਹਿੰਦੀ ਤੇ ਵੀਰ ਦੇ ਵਾਰਨੇ ਜਾਂਦੀ। ਅਸਲ ਵਿਚ ਭੈਣ ਨਾਨਕੀ ਦਾ ਲਾਡਲਾ ਵੀਰ, ਮਾਤਾ ਤ੍ਰਿਪਤਾ ਦਾ ਸੋਹਣਾ ਲਾਲ, ਵਿਹੜੇ ਦਾ ਸ਼ਿੰਗਾਰ ਸੀ। ਛੋਟੀ ਉਮਰ ਵਿਚ ਭੈਣ ਨਾਨਕੀ ਨੇ ਵੀਰ ਨੂੰ ਕੁੱਛੜ ਚੁੱਕ ਖਿਡਾਇਆ ਸੀ। ਉਹ ਵੀਰ ਦੇ ਸ਼ਗਨ-ਸੁਆਰਥ ਕਰਦੀ ਨਾ ਥੱਕਦੀ। ਜਦੋਂ ਉਸ ਦਾ ਵੀਰ ਉਸ ਦੇ ਕੁੱਛੜੋਂ ਉਤਰ ਕੇ ਵਿਹੜੇ ਵਿਚ ਤੁਰਦਾ-ਨਸਦਾ ਤਾਂ ਵੀਰ ਅੱਗੇ ਅੱਗੇ ਤੇ ਭੈਣ ਪਿੱਛੇ ਪਿੱਛੇ। ਭੈਣ ਜਾਣ ਕੇ ਵੀਰ ਨੂੰ ਨਾ ਫੜਦੀ, ਜਦੋਂ ਵੇਖਦੀ ਹੁਣ ਵੀਰ ਵੀ ਥੱਕ ਗਿਆ ਤਾਂ ਵੀਰ ਨੂੰ ਚੁੱਕ ਲੈਂਦੀ, ਲੇਟ ਕੇ ਉਸਨੂੰ ਛਾਤੀ 'ਤੇ ਪਾ ਲੈਂਦੀ ਤੇ ਲੋਰੀਆਂ ਦੇ ਦੇ ਕੇ ਸੁਆ ਦੇਂਦੀ।

ਭਾਈ ਜੈ ਰਾਮ ਜੀ ਖਾਨਪੁਰ ਦੇ ਰਹਿਣ ਵਾਲੇ ਉੱਪਲ ਖੱਤਰੀ ਸਨ ਅਤੇ ਨਵਾਬ ਦੌਲਤ ਖਾਨ ਲੋਧੀ ਪਾਸ ਮਾਲ ਦੇ ਮਹਿਕਮੇ ਵਿਚ ਆਮਿਲ ਸਨ। ਬਾਬਾ ਕਾਲੂ ਜੀ ਤਲਵੰਡੀ ਦੇ ਪਟਵਾਰੀ ਸਨ। ਕਈ ਵਾਰੀ ਭਾਈ ਜੈ ਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਤਲਵੰਡੀ ਜਾਣਾ ਪੈਂਦਾ ਸੀ। ਇਕੋ ਮਹਿਕਮੇ ਦੇ ਹੋਣ ਕਰਕੇ ਦੋਹਾਂ ਦੀ ਸਾਂਝ ਬਣਦੀ ਗਈ ਤੇ ਆਖਰ ਬਾਬਾ ਕਾਲੂ ਜੀ ਨੇ ਆਪਣੀ ਲੜਕੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ।

ਵਿਆਹ ਤੋਂ ਕੁਝ ਚਿਰ ਪਿਛੋਂ ਰਾਇ ਬੁਲਾਰ ਤੇ ਬਾਬਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਭੈਣ ਨਾਨਕੀ ਕੋਲ ਸੁਲਤਾਨਪੁਰ ਭੇਜਿਆ। ਭੈਣ ਆਪਣੇ ਲਾਡਲੇ ਵੀਰ ਤੋਂ ਪਹਿਲੀ ਵਾਰ ਵਿਛੜੀ ਸੀ ਤੇ ਉਹ ਵੀਰ ਦੇ ਵਿਛੋੜੇ ਵਿਚ ਉਦਾਸ ਸੀ। ਵੈਸੇ ਵੀ ਕਿਸੇ ਨੂੰ ਭੇਜਣਾ ਤਾਂ ਹੈ ਹੀ ਸੀ, ਬੇਬੇ ਨਾਨਕੀ ਨੂੰ ਸੌਹਰਿਓ ਲੈਣ! ਸੋ ਸਲਾਹ ਕਰਕੇ ਨਾਨਕ ਦੇਵ ਜੀ ਨੂੰ ਭੇਜਿਆ ਗਿਆ। ਲਾਡਲਾ ਵੀਰ ਪਿਆਰੀ ਭੈਣ ਨੂੰ ਲੈਣ ਬੜੇ ਚਾਅ ਨਾਲ ਗਿਆ। ਦੋਹਾਂ ਪਾਸੇ ਖਿੱਚਾਂ ਬਣੀਆਂ ਹੋਈਆਂ ਸਨ। ਭੈਣ ਦੇ ਚਾਅ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਭੈਣ-ਭਰਾ ਧਾਹ ਕੇ ਮਿਲੇ। ਭੈਣ ਨੇ ਲਾਡਲੇ ਵੀਰ ਨੂੰ ਗਲਵਕੜੀ ਵਿਚ ਲਿਆ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਬੇਬੇ ਨਾਨਕੀ ਨੂੰ ਲੈ ਕੇ ਆ ਗਏ। ਕੁਝ ਮਹੀਨੇ ਬੇਬੇ ਨਾਨਕੀ ਪੇਕੇ ਟਿਕੀ। ਜਦੋਂ ਵੈਸਾਖ ਦੇ ਮਹੀਨੇ ਫੇਰ ਭਾਈਆ ਜੈ ਰਾਮ ਜ਼ਮੀਨਾਂ ਕੱਛਣ ਤਲਵੰਡੀ ਆਏ ਤਾਂ ਕੁਝ ਦਿਨ ਠਹਿਰ ਕੇ ਮੁਕਲਾਵਾ ਲੈ ਕੇ ਮੁੜ ਸੁਲਤਾਨਪੁਰ ਆ ਗਏ।

**ਜਨਮ ਸਾਖੀ** ਅਨੁਸਾਰ "ਸੰਮਤ ੧੫੪੪ ਮਿਤੀ ਮਘਰ ਸੁਦੀ ਤਿੰਨ ਨੂੰ ਗੁਰੂ ਨਾਨਕ ਜੀ ਜੈ ਰਾਮ ਪਾਸ ਆ ਗਏ। ਤਲਵੰਡੀ ਤੋਂ ਚੱਲ ਕੇ ਪੰਜਵੇਂ ਦਿਨ ਸੁਲਤਾਨਪੁਰ ਪੁੱਜੇ। ਮਘਰ ਸੁਦੀ ਸਤਵੀਂ ਨੂੰ ਭੈਣ ਨਾਨਕੀ ਨੂੰ ਜਾ ਮਿਲੇ"। ਸਾਖੀਕਾਰ ਦੇ ਸ਼ਬਦਾਂ ਵਿਚ "ਬੇਬੇ ਨਾਨਕੀ ਗੁਰੂ ਨਾਨਕ ਜੀ ਨੂੰ ਦੇਖ ਕੇ ਪੈਰਾਂ ਉਪਰ ਢਹਿ ਪਈ ਪਰ ਗੁਰੂ ਨਾਨਕ ਜੀ ਕਹਯਾ- "ਬੇਬੇ ਜੀ ਤੂੰ ਵੱਡੀ ਹੈਂ ਸਗੋਂ ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ ਮੇਰਿਆਂ ਪੈਰਾਂ ਤੇ ਪਵੇ"। ਫੇਰ ਨਾਨਕੀ ਜੀ ਕਹਯਾ- "ਭਾਈ ਤੂੰ ਸੱਚ ਆਖਦਾ ਹੈਂ ਪਰ ਜੇ ਤੂੰ ਸਧਾਰਣ ਆਦਮੀ ਹੋਵੇਂ। ਤੂੰ ਤਾਂ ਮੇਨੂੰ ਪਰਮੇਸ਼ਰ ਨਜ਼ਰ ਆਂਵਦਾ ਹੈਂ।"

ਉਪਰਲੇ ਵਾਕ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਪਹਿਲੋਂ ਬੇਬੇ ਨਾਨਕੀ ਨੇ ਪਹਿਚਾਣਿਆ ਸੀ। ਉਹ ਦਿਲੋਂ ਉਸ ਨੂੰ ਪਰਮੇਸਰ ਦਾ ਰੂਪ ਮੰਨਦੇ ਸਨ।

ਬੇਬੇ ਨਾਨਕੀ ਦੀ ਗੱਲ ਸੁਨ ਕੇ ਜੋ ਉੱਤਰ ਗੁਰੂ ਨਾਨਕ ਸਾਹਿਬ ਨੇ ਦਿੱਤਾ ਉਹ ਉਨ੍ਹਾਂ ਦੇ ਸ਼ੁਭ ਵਿਚਾਰਾਂ ਦਾ ਪ੍ਰਤੀਬਿੰਬ ਹੈ। ਉਹ ਵਿਹਲੇ ਬਹਿ ਕੇ ਖਾਣ ਨਾਲੋਂ ਕਿਰਤ ਕਰ ਕੇ ਖਾਣ ਵਿਚ ਵਿਸ਼ਵਾਸ ਰਖਦੇ ਸਨ। ਸਿੱਖ ਧਰਮ ਦੇ ਮੁਢਲੇ ਅਸੂਲ ਜੋ ਗੁਰੂ ਸਾਹਿਬ ਨੇ ਮਿੱਥੇ, ਉਹ ਸਨ, "ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ।"

ਗੁਰੂ ਨਾਨਕ ਕਹਯਾ- "ਬੀਬੀ ਜੀ ਕਿਰਤ ਕਰ ਖਾਈਏ ਤਾਂ ਪਵਿਤ੍ਰ ਹੋਵੀਏ ਹੈ।"

(**ਜਨਮ ਸਾਖੀ,** ਪੰਨਾ ੨੮)

ਇਹ ਗੱਲ ਸੁਣ ਕੇ ਬੇਬੇ ਨਾਨਕੀ ਨੇ ਆਪਣੇ ਪਤੀ ਸ੍ਰੀ ਜੈ ਰਾਮ ਜੀ ਨੂੰ ਆਖਿਆ - "ਇਸ ਦੀ ਕਿਥਾਉ ਕਹਾਣੀ ਕਰੀਏ ਤਾਂ ਇਸ ਦਾ ਗ੍ਰਿਹਸਤ ਨਾਲ ਮੋਹ ਲੱਗੇ ਤਾਂ ਇਸ ਪਾਸੋਂ ਕਿਰਤ ਹੋਇ ਆਵੇ।"

"ਜੇ ਇਹ ਕਿਰਤ ਲੱਗੇ ਤਾਂ ਕਿਥਾਉ ਕਹਾਣੀ ਭੀ ਹੋਇ ਜਾਸੀ ਤੂੰ ਉਤਾਵਲੀ ਨਾ ਹੋਹੁ।ਪਰਮੇਸਰ ਨੂੰ ਚਿਤ ਕਰ।"

ਤਾਂ ਬੇਬੇ ਨਾਨਕੀ ਕਹਯਾ- "ਭਲਾ ਜੀ ਮੈਂ ਤੁਧ ਕੋਲੋਂ ਸਿਆਣੀ ਤਾਂ ਨਹੀਂ ਪਰ ਤੁਸਾਂ ਨੂੰ ਆਖ ਛਡਨਾ ਸੀ। ਜੈ ਰਾਮ ਮਘਰ ਸੁਦੀ ੧੪ ਨੂੰ ਮੋਦੀ ਖਾਨਾ ਦਵਾਇਆ।

(**ਜਨਮ ਸਾਖੀ,** ਪੰਨਾ 28)

ਉਪਰਲੀ ਗੱਲ-ਬਾਤ ਤੋਂ ਸੱਪਸ਼ਟ ਹੁੰਦਾ ਹੈ ਕਿ ਬੇਬੇ ਨਾਨਕੀ ਜੀ ਆਪਣੇ ਵੀਰ ਗੁਰੂ ਨਾਨਕ ਦੇ ਕਾਰਜਾਂ ਵਿਚ ਕਿਤਨੀ ਦਿਲਚਸਪੀ ਲੈਂਦੀ ਸੀ। ਉਸ ਨੂੰ ਫਿਕਰ ਰਹਿੰਦਾ ਸੀ ਕਿ ਉਸ ਦੇ ਵੀਰ ਦਾ ਕਾਰ-ਵਿਹਾਰ ਹੋਵੇ ਤੇ ਉਸ ਦੀ ਸ਼ਾਦੀ ਹੋਵੇ ਅਤੇ ਉਸ ਦਾ ਘਰ-ਬਾਰ ਵੱਸੇ। ਮੋਦੀ ਖਾਨੇ ਦੀ ਨੌਕਰੀ ਵੀ ਗੁਰੂ ਸਾਹਿਬ ਨੂੰ ਭਾਈਆ ਜੈ ਰਾਮ ਦੀ ਕੋਸ਼ਿਸ਼, ਸਿਫਾਰਸ਼ ਤੇ ਜ਼ਿੰਮੇਵਾਰੀ ਤੇ ਮਿਲੀ ਸੀ।

ਮਾਤਾ ਸੁਲੱਖਣੀ ਜੀ ਬਾਰਾਂ ਸਾਲ ਗੁਰੂ ਨਾਨਕ ਸਾਹਿਬ ਦੇ ਨਾਲ ਸੁਲਤਾਨਪੁਰ ਵਿਚ ਰਹੇ। ਬੇਬੇ ਨਾਨਕੀ ਜੀ ਹੀ ਉਨ੍ਹਾਂ ਕੋਲ ਵੱਡੇ ਸਨ। ਸੱਸ ਤੇ ਨਣਾਨ ਦੇ ਰੂਪ ਵਿਚ ਉਹ ਸਦਾ ਆਪਣੀ ਭਰਜਾਈ ਦੇ ਦੁੱਖ-ਸੁਖ ਦੇ ਭਾਈਵਾਲ ਬਣੇ ਰਹੇ। ਜਦੋਂ ਗੁਰੂ ਨਾਨਕ ਸਾਹਿਬ ਮੋਦੀਖਾਨੇ ਚਲੇ ਜਾਂਦੇ ਤੇ ਭਾਈਆ ਜੈ ਰਾਮ ਆਪਣੇ ਕੰਮ ਤੇ ਹੁੰਦੇ ਤਾਂ ਨਣਾਨ-ਭਰਜਾਈ ਰਲ ਬਹਿੰਦੀਆਂ ਤੇ ਗੱਲਾਂ-ਬਾਤਾਂ ਕਰਦੀਆਂ ਰਹਿੰਦੀਆਂ। ਬੇਬੇ ਨਾਨਕੀ ਨੇ ਭਰਜਾਈ ਨੂੰ ਵੀਰ-ਨਾਨਕ ਦੀਆਂ ਬੇਪ੍ਰਵਾਹੀਆਂ ਦੀਆਂ ਗੱਲਾਂ ਸੁਣਾਈਆਂ ਤੇ ਮੋਦੀ ਦਾ ਕਾਰਜ ਕਰਦਿਆਂ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਦਿਆਂ ਦੀਆਂ ਵਿਥਿਆਵਾਂ ਵੀ ਦੱਸੀਆਂ। ਉਥੇ ਹੀ ਮਾਤਾ ਸੁਲੱਖਣੀ ਜੀ ਦੇ ਘਰ ਦੋ ਸਾਹਿਬਜ਼ਾਦੇ ਪੈਦਾ ਹੋਏ-

ਆਮ ਤੌਰ ਤੇ ਇਹ ਦੋਵੇਂ ਸਾਹਿਬਜ਼ਾਦੇ ਆਪਣੀ ਭੂਆ ਬੇਬੇ ਨਾਨਕੀ ਜੀ ਪਾਸ ਚਲੇ ਜਾਂਦੇ ਸਨ। ਜਿਥੇ ਭੂਆ ਨਾਨਕੀ ਸਾਹਿਬਜ਼ਾਦਿਆਂ ਨਾਲ ਅਤੁੱਟ ਪਿਆਰ ਕਰਦੀ, ਉਨ੍ਹਾਂ ਨੂੰ ਵੇਖ ਵੇਖ ਜਿਉਂਦੀ।ਬੇਬੇ ਨਾਨਕੀ ਜੀ ਦੀ ਆਪਣੀ ਕੋਈ ਔਲਾਦ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਸ੍ਰੀ ਚੰਦ ਨੂੰ ਬੇਬੇ ਨਾਨਕੀ ਦੀ ਝੋਲੀ ਪਾ ਕੇ ਕਿਹਾ, "ਬੇਬੇ ਜੀ, ਇਹ ਤੁਹਾਡਾ ਹੀ ਪੁੱਤਰ ਹੈ।"

ਸੁਲਤਾਨਪੁਰ ਲੋਧੀ ਨੂੰ ਗਿਆਰਵੀਂ ਸਦੀ ਵਿਚ ਸੁਲਤਾਨ ਖਾਨ ਲੋਧੀ ਨੇ ਵਸਾਇਆ ਸੀ। ਉਸ ਦੇ ਨਾਂ ਤੇ ਨਗਰ ਦਾ ਨਾਮ "ਸੁਲਤਾਨਪੁਰ ਲੋਧੀ" ਪ੍ਰਸਿੱਧ ਹੋਇਆ। ਇਸ ਨਗਰ ਵਿਚ ਜਿਥੇ ਬੇਬੇ ਨਾਨਕੀ ਦਾ ਰਿਹਾਇਸ਼ੀ ਘਰ ਸੀ, ਉਸ ਅਸਥਾਨ ਦਾ ਨਾਮ 'ਗੁਰੂ ਕਾ ਬਾਗ' ਹੈ। ਕਈ ਵਿਦਵਾਨਾਂ ਦੇ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਦੋਵੇਂ ਸਾਹਿਬਜ਼ਾਦੇ ਇਥੇ ਹੀ ਪੈਦਾ ਹੋਏ ਸਨ।

ਜਦੋਂ ਗੁਰੂ ਸਾਹਿਬ ਸੰਸਾਰ ਦੇ ਕਲਿਆਣ ਹਿੱਤ ਉਦਾਸੀਆਂ ਤੇ ਨਿਕਲਣ ਲੱਗੇ ਤਾਂ ਬੇਬੇ ਨਾਨਕੀ ਵੈਰਾਗਵਾਨ ਹੋ ਕੇ ਕਹਿਣ ਲੱਗੀ-

"ਤੁਸੀਂ ਮੇਰੇ ਪਾਸ ਹੀ ਰਹੋ, ਬਾਹਰ ਨਾ ਜਾਉ।"

ਤਾਂ ਗੁਰੂ ਨਾਨਕ ਜੀ ਨੇ ਕਹਯਾ- "ਬੇਬੇ ਜੀ, ਅਸੀਂ ਤੁਹਾਡੇ ਪਾਸ ਹੀ ਹਾਂ, ਜਿਤ ਵੇਲੇ ਤੁਸੀਂ ਯਾਦ ਕਰੋਗੇ ਤਿਤ ਵੇਲੇ ਹਾਜ਼ਰ ਹੀ ਰਹਾਂਗੇ।"

(**ਜਨਮ ਸਾਖੀ,** ਪੰਨਾ ੬੧)

ਜਨਮ ਸਾਖੀ ਦੀ ਇਸ ਟੂਕ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਭੈਣ ਨਾਨਕੀ ਨੂੰ "ਬੇਬੇ" ਕਹਿੰਦੇ ਸਨ ਤੇ ਉਸ ਦਾ ਬੜਾ ਸਤਿਕਾਰ ਕਰਦੇ ਸਨ ਤੇ ਭੈਣ ਨਾਨਕੀ ਵੀਰ ਨਾਨਕ ਨੂੰ ਪਰਮੇਸਰ ਤੁਲ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਦੀ ਸੀ।


ਇਕ ਵਾਰੀ ਜਦੋਂ ਬੇਬੇ ਨਾਨਕੀ ਦੀ ਖਿੱਚ ਦੇ ਖਿੱਚੇ ਹੋਏ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ ਨੇ ਕਿਹਾ- "ਮਾਤਾ ਪਿਤਾ ਜੀ ਦੇ ਦਿਲ ਵੀ ਬਹੁਤ ਤੜਪਦੇ ਹਨ। ਇਸੇ ਤਰ੍ਹਾਂ ਸੁਲੱਖਣੀ ਤੇ ਲਖਮੀ ਚੰਦ ਵੀ ਤੁਹਾਡੇ ਦਰਸ਼ਨਾਂ ਨੂੰ ਤਰਸਦੇ ਹਨ। ਉਨ੍ਹਾਂ ਨੂੰ ਵੀ ਦਰਸ਼ਨ ਦਿਉ।"

ਅੱਗੋਂ ਗੁਰੂ ਜੀ ਨੇ ਉੱਤਰ ਦਿੱਤਾ- "ਬੇਬੇ ਜੀ ਅਜਿਹਾ ਸਮਾਂ ਛੇਤੀ ਹੀ ਆਉਣ ਵਾਲਾ ਹੈ। ਜ਼ਰੂਰ ਦਰਸ਼ਨ ਮੇਲੇ ਹੋਣਗੇ।"

ਸੰਮਤ ੧੫੭੫ ਦੇ ਸ਼ੁਰੂ ਵਿਚ ਪਹਿਲੋਂ ਭਾਈ ਜੈ ਰਾਮ ਤੇ ਕੁਝ ਦਿਨਾਂ ਪਿਛੋਂ ਬੇਬੇ ਨਾਨਕੀ ਜੀ ਚੜ੍ਹਾਈ ਕਰ ਗਏ। ਗੁਰੂ ਨਾਨਕ ਸਾਹਿਬ ਉਸ ਸਮੇਂ ਉਦਾਸੀ ਤੇ ਗਏ ਸਨ। ਉਨ੍ਹਾਂ ਦੋਹਾਂ ਦੀ ਅੰਤਿਮ-ਸੰਭਾਲ ਸ੍ਰੀ ਚੰਦ ਜੀ ਨੇ ਹੀ ਕੀਤੀ। ਮਾਤਾ ਸੁਲੱਖਣੀ ਜੀ ਨੇ ਭਾਵੇਂ ਉਸ ਤੋਂ ਪਿਛੋਂ ਵੀਹ ਸਾਲ ਦੀ ਹੋਰ ਆਯੂ ਭੋਗੀ ਤੇ ਉਹ ੨੪ ਮਘਰ ਸੰਮਤ ੧੫੯੬ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਸਮਾਏ, ਪਰ ਜੋ ਧੀਰਜ, ਹੌਂਸਲਾ ਤੇ ਪਿਆਰ-ਸਤਿਕਾਰ ਉਨ੍ਹਾਂ ਨੂੰ ਬੇਬੇ ਨਾਨਕੀ ਜੀ ਪਾਸੋਂ ਮਿਲਿਆ ਸੀ, ਉਸ ਨੂੰ ਉਹ ਆਪਣੇ ਅੰਤਲੇ ਸੁਆਸਾਂ ਤੱਕ ਨਾ ਭੁਲਾ ਸਕੇ।

ਬੇਬੇ ਨਾਨਕੀ ਸਿੱਖ ਇਤਿਹਾਸ ਦੀ ਉਹ ਸ਼ਖ਼ਸੀਅਤ ਹੋਈ ਹੈ, ਜਿਸ ਨੇ ਆਪਣੇ ਅੰਦਾਜ਼ ਵਿਚ ਸਿੱਖ ਧਰਮ ਵਿਚ ਆਪਣਾ ਉਹ ਯੋਗਦਾਨ ਪਾਇਆ ਜੋ ਕਿਸੇ ਕੀਮਤ ਤੇ ਭੁਲਾਇਆ ਜਾ ਸਕਣ ਵਾਲਾ ਨਹੀਂ। ਉਹ ਗੁਰੂ ਨਾਨਕ ਸਾਹਿਬ ਤੇ ਪਰਿਵਾਰ ਦੇ ਹੋਰ ਜੀਆਂ ਵਿਚਕਾਰ ਐਸੀ ਕੜੀ ਸੀ, ਜਿਸ ਨੇ ਪਰਿਵਾਰਕ ਸੰਬੰਧ ਖੁਸ਼ਗਵਾਰ ਬਨਾਣ ਵਿਚ ਸਦਾ ਸੂਝ ਤੇ ਸਿਆਣਪ ਤੋਂ ਕੰਮ ਲਿਆ।

- ਪੁਸਤਕ **ਸਿੱਖ ਸ਼ਖ਼ਸੀਅਤਾਂ** 'ਚੋਂ




ਇਹ ਉਪਦੇਸ ਸੁਣਕੇ ਭਗਤ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ:- ਹੇ ਗੁਰੋ! ਜੋ ਪੁਰਖ ਸਤਿਗੁਰੂ ਨੂੰ ਮਿਲਕੇ ਸਤਜ ਉਪਦੇਸ਼ ਲੈਕੇ ਨਾਮ ਨੂੰ ਧਾਰਨ ਕਰ ਲੈਂਦੇ ਹਨ ਤੇ ਸਚੇ ਦਿਲ ਨਾਲ ਸਿਮਰਨ ਕਰਦੇ ਤੇ ਗੁਰੂ ਦੇ ਉਪਦੇਸ਼ ਵਿਚ ਲਗ ਨਿਰਮਲ ਕਰਮ ਕਰਨ ਵਿਚ ਯਤਨ ਕਰਦੇ ਹਨ, ਉਹਨਾਂ ਦਾ ਅੰਤ ਕੀਹ ਹੁੰਦਾ ਹੈ? ਤਾਂ ਗੁਰੂ ਜੀ ਬੋਲੇ: ਭਗਤ ਜਨੋ! ਇਹ ਤਾਂ ਸਿਧੀ ਗਲ ਹੈ। ਗੁਰੂ ਨੂੰ ਕੋਈ ਭੁਖ ਚੇਲੇ ਬਨਾਉਣ ਦੀ ਤੇ ਆਪ ਕੁਛ ਬਣਨ ਦੀ ਨਹੀਂ, ਉਹ ਤਾਂ ਤ੍ਰਿਲੋਕ ਦੀ ਮਾਯਾ ਤੋਂ ਉਦਾਸ ਹੈ ਤੇ ਵਾਹਿਗੁਰੂ ਪ੍ਰੇਮ ਵਿਚ ਮਾਲਾ ਮਾਲ ਹੈ। ਗੁਰੂ ਨੇ ਤਾਂ 'ਦੇਣ' ਦਾ ਸਬਦ ਪੜ੍ਹਿਆ ਹੁੰਦਾ ਹੈ। ਓਹ ਹਰ ਆਏ ਸੁਆਲੀ ਨੂੰ ਦੇਂਦੇ ਹਨ, ਅਰ ਸਭ ਤੋਂ ਉਤਮ ਪਦਾਰਥ ਨਾਮ ਦੇਂਦੇ ਹਨ। ਰਤਨ ਪਦਾਰਥ ਹੈ ਨਾਮ। ਏਹਦੇ ਦਾਤੇ ਹਨ। ਦਾਤਾ ਹੀ ਦੁਖ ਕੱਟ ਸਕਦਾ ਹੈ। ਜਿਸਦੀ ਸੁਰਤ ਵਿਚ ਮਾਇਆ ਦੀ, ਨਾਮਣੇ ਦੀ ਮੰਗ ਹੈ, ਉਹ ਆਪ ਮੰਗਤਾ ਹੈ, ਚਾਹੋ ਧਨ ਪਾਤ੍ਰ ਹੈ, ਸੁਰਤ ਜੁ ਯਾਚਨਾ ਵਿਚ ਹੋਈ।

ਸੋ ਭਾਈ! ਨਾਮ ਪਦਾਰਥ ਪਾਕੇ, ਜੋ ਗੁਰੂ ਦੀ ਆਗਿਆ ਵਿਚ ਨਾਮ ਦੀ ਕਮਾਈ ਕਰਦਾ ਹੈ ਓਹ ਹਰਿ ਧਨ ਪਾ ਲੈਂਦਾ ਹੈ ਤੇ ਅੰਦਰੋਂ ਬਾਹਰੋਂ ਸੁਖੀ ਹੋ ਜਾਂਦਾ ਹੈ। ਉਸਦਾ ਇਹ ਜੀਉਣ ਉਸਨੂੰ ਸੁਆਦਲਾ ਹੋ ਜਾਂਦਾ ਹੈ। ਓਹ ਅਗੋਂ ਨੇਕੀ ਤੇ ਨਾਮ ਵੰਡਦਾ ਹੈ, ਉਸ ਥੋਂ ਜਗਤ ਸੁਖੀ ਹੁੰਦਾ ਹੈ, ਕਿਉਂ ਜੋ ਓਹ ਹਰਿ ਧਨ ਦਾ ਧਨੀ ਹੋ ਗਿਆ ਹੈ। ਸਰੀਰ ਛਡਣ ਮਗਰੋਂ ਓਹ ਹਿਰਦੇ ਵਿਚ ਇਹ ਨਾਮ ਪਦਾਰਥ ਨਾਲ ਲੈ ਕੇ ਜਾਏਗਾ, ਕਿਉਂਕਿ 'ਨਾਮ' ਪ੍ਰਾਪਤ ਹੋਕੇ ਕਮਾਈ ਨਾਲ ਸਦੈਵੀ ਹੋ ਜਾਂਦਾ ਹੈ ਤੇ ਨਾਮੀ ਪੁਰਖ ਸਦਾ ਲਈ ਕ੍ਰਿਤਾਰਥ ਹੋ ਜਾਂਦਾ ਹੈ। ਐਉਂ ਓਹ ਨਾਮ ਨਾਲ ਦਰਗਾਹ ਵਿਚ **ਸਣ ਨੀਸਾਣੈ** ਜਾਂਦਾ ਹੈ। ਜੋ ਸਦ ਨੀਸਾਣੇ ਜਾਂਦੇ ਹਨ ਉਨ੍ਹਾਂ ਨੂੰ ਦਰਗਾਹ ਵਿਚ ਕੋਈ ਰੋਕ ਨਹੀਂ ਹੁੰਦੀ। ਰੋਕ ਕਾਹਦੀ? ਉਨ੍ਹਾਂ ਨੂੰ ਪੁੱਛ ਹੀ ਕੋਈ ਨਹੀਂ ਹੁੰਦੀ। ਉਹ ਤਾਂ ਦਰਗਾਹ ਵਿਚ ਪੂਰਨ ਸਿਞਿਆ ਹੋਇਆ ਜਾਂਦਾ ਹੈ, ਹਾਂ, ਉਹ ਦਰਗਾਹ ਵਿਚ ਕਮਾਲ ਨੂੰ ਪਹੁੰਚਾ ਹੋਇਆ ਜਾਂਦਾ ਹੈ।

ਸੰਤ ਜੀ ਨੇ ਫੇਰ ਇਕ ਦੋ ਪਲਾਂ ਚੁਪ ਕਰਕੇ ਆਖਿਆ:- ਸਤਿਨਾਮ ਸ੍ਰੀ ਵਾਹਿਗੁਰੂ! ਜੀਓ ਸਾਧ ਸੰਗਤ ਜੀ! ਇਹ ਜੋ ਵਾਰਤਾਲਾਪ ਮੈਂ ਸੁਣਾਈ ਹੈ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਛੇਵੀਂ ਪਉੜੀ ਵਿਚ ਗੁੰਦ ਕੇ ਲਿਖੀ ਹੈ, ਉਸੇ ਸ਼ਬਦ ਵਿਚ ਜੋ ਅਜ ਵਾਕ ਵਿਚ ਆਇਆ ਹੈ, ਉਹ ਪਉੜੀ ਫੇਰ ਸੁਣ ਲਓ:-

**ਗੁਰ ਸੇਵਾ ਤੇ ਲਹੈ ਪਦਾਰਥੁ॥**
**ਹਿਰਦੈ ਨਾਮੁ ਸਦਾ ਕਿਰਤਾਰਥੁ॥**
**ਸਾਚੀ ਦਰਗਹ ਪੂਛ ਨ ਹੋਇ॥**
**ਮਾਨੈ ਹੁਕਮੁ ਸੀਝੈ ਦਰਿ ਸੋਇ॥੬॥**
(ਬਿਲ:ਮ:੧:ਅਸ਼-੨)

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...**

# ਕ੍ਰਿਤਾਰਥ ਜੀਵਨ

ਸਤਿਗੁਰ ਜੀ ਦਾ ਇਹ ਵਾਕ ਸੁਣਕੇ ਭਗਤ ਜੀ ਨੇ ਪੁੱਛਣਾ ਕੀਤੀ ਕਿ ਹੇ ਨਿਰੰਕਾਰ ਦੇ ਰੂਪ! ਇਹ ਕਿਰਤਾਰਥ ਅਵਸਥਾ, ਜਿਸ ਨਾਲ ਦਰਗਾਹ ਵਿਚ ਪੁੱਛ ਨਹੀਂ ਹੁੰਦੀ, ਕਿਵੇਂ ਪ੍ਰਾਪਤ ਹੁੰਦੀ ਹੈ ਤਾਂ ਸ੍ਰੀ ਗੁਰੂ ਜੀ ਦੇ ਮੁਖਾਰਬਿੰਦ ਨੇ ਰਤਨ ਵਰਖਾ ਫੇਰ ਕੀਤੀ:- ਹੇ ਭਗਤ ਜਨੋਂ! ਉਹ ਕਿਰਤਾਰਥ ਅਵਸਥਾ ਨਿਰੰਜਨ ਕਰਤਾ ਪੁਰਖ ਨੂੰ ਪਛਾਣਨ ਨਾਲ ਪ੍ਰਾਪਤ ਹੁੰਦੀ ਹੈ। ਇਹ ਦੱਸ ਚੁਕੇ ਹਾਂ ਕਿ ਉਸ ਦੀ ਪਛਾਣ ਨਾਮ ਨਾਲ ਹੁੰਦੀ ਹੈ ਤੇ ਨਾਮ ਸਤਿਗੁਰ ਮਿਲੇ ਤੇ ਮਿਲਦਾ ਹੈ। ਸੋ ਜਦ ਨਾਮ ਪ੍ਰਾਪਤ ਹੋ ਜਾਏ ਤਾਂ ਉਸਦੀ ਘਾਲ ਕਰੇ। ਫਿਰ ਮਨ ਉਜਲ ਹੋਏਗਾ ਤੇ ਉਸ ਨਿਰੰਕਾਰ ਦੇ ਹੁਕਮ ਦੀ ਸੋਝੀ ਹੋ ਆਵੇਗੀ। ਐਸਾ ਪੁਰਖ ਬਾਕੀ ਜੀਵਨ ਫੇਰ ਹੁਕਮ ਪਛਾਣਕੇ ਹੁਕਮ ਵਿਚ ਟੁਰਦਿਆਂ ਬਿਤਾਵੇਗਾ ਤੇ ਸਦਾ ਕਰਤਾ ਪੁਰਖ ਦੀ ਰਜ਼ਾ ਵਿਚ ਟੁਰੇਗਾ। ਜਦ ਹੁਕਮ ਦੀ ਪਛਾਣ ਕਮਾਲ ਨੂੰ ਅੱਪੜਦੀ ਹੈ ਤਾਂ ਉਹਦਾ ਵਾਸਾ ਸੱਚੀ ਦਰਗਾਹ ਵਿਚ ਹੋ ਜਾਂਦਾ ਹੈ, ਨਾ ਕੇਵਲ ਮਰਕੇ, ਓਹ ਜੀਉਂਦੇ ਜੀ ਹੀ ਓਥੋਂ ਦਾ ਵਾਸੀ ਹੋ ਜਾਂਦਾ ਹੈ, ਕਿਉਂਕਿ ਉਸਦਾ 'ਕਾਲ' ਅਰਥਾਤ ਮੌਤ ਤੇ 'ਬਿਕਾਲ' ਅਰਥਾਤ ਜਨਮ ਦੋਏ ਨਾਸ਼ ਹੋ ਚੁਕੇ ਹੁੰਦੇ ਹਨ; ਸ਼ਬਦ ਦੀ ਕਮਾਈ ਕਰਕੇ। ਸ਼ਬਦ ਨਾਲ ਜਨਮ ਮਰਨ ਦੀ ਫਾਹੀ ਤ੍ਰੁਟ ਜਾਂਦੀ ਹੈ। ਗੁਰੂ ਕੇ ਪਿਆਰਿਓ! ਇਹ ਵਾਰਤਾਲਾਪ ਸ੍ਰੀ ਗੁਰੂ ਜੀ ਨੇ ਅਜ ਵਾਲੇ ਸ਼ਬਦ ਵਿਚ ਐਉਂ ਗੁੰਥਨ ਕੀਤੀ ਹੈ,-

**ਸਤਿਗੁਰੁ ਮਿਲੈ ਤ ਤਿਸ ਕਉ ਜਾਣੈ॥**
**ਰਹੈ ਰਜਾਈ ਹੁਕਮੁ ਪਛਾਣੈ॥**
**ਹੁਕਮੁ ਪਛਾਣਿ ਸਚੈ ਦਰਿ ਵਾਸੁ॥**
**ਕਾਲ ਬਿਕਾਲ ਸਬਦਿ ਭਏ ਨਾਸੁ॥੭॥**
(ਬਿਲ:ਮ:੧:ਅਸ਼-੨)

ਹੁਣ ਭਗਤ ਜੀ ਨੇ ਸੀਸ ਨਿਵਾਇਆ ਤੇ ਫੇਰ ਹੱਥ ਜੋੜਕੇ ਅਰਜ਼ੋਈ ਕੀਤੀ:- ਅਸੀਂ ਪਿਛੇ ਭੇਖਾਂ ਦੇ, ਸੰਪ੍ਰਦਾਵਾਂ ਤਜਾਗੀਆਂ ਦੇ ਕਥਨ ਕਰਕੇ ਪੁਛਣਾ ਕੀਤੀ ਸੀ, ਸਾਡੀ ਸਮਝੇ ਪਿਆ ਹੈ ਕਿ ਆਪ ਨੇ ਬਚਨ ਰਲਵੇਂ ਦੋਹਾਂ ਲਈ ਕੀਤੇ ਹਨ ਕਿ ਚਾਹੋ ਗ੍ਰਿਹਸਤੀ ਹੈ, ਚਾਹੇ ਤਜਾਗੀ ਹੈ, ਨਾਮ ਨੇ ਕਿਰਤਾਰਥ ਅਵਸਥਾ ਦੇਣੀ ਹੈ। ਪਰ ਫੇਰ ਦੁਬਾਰਾ ਪੁੱਛਣ ਨੂੰ ਜੀ ਕਰਦਾ ਹੈ ਕਿ ਕੀ

ਇਹ ਉਪਦੇਸ਼ ਗ੍ਰਿਹਸਤੀ ਲਈ ਬੀ ਸੀ? ਤਾਂ ਸ੍ਰੀ ਗੁਰੂ ਜੀ ਬੋਲੇ:-ਭਗਤ ਜਨੋਂ! ਇਹ ਉਪਦੇਸ਼ ਚਹੁੰ ਵਰਨਾਂ ਨੂੰ, ਅਵਰਨਾਂ ਨੂੰ ਹੈ, ਤੁਸਾਂ ਗ੍ਰਿਹਸਤੀ ਲਈ ਖਾਸ ਪੁਛਿਆ ਹੈ; ਸੋ ਇਹ ਹੈ ਉਤਰ:- ਗ੍ਰਿਹਸਤੀ ਉਹ ਹੈ ਜੋ ਕਿਰਤ, ਵਪਾਰ, ਮਜੂਰੀ, ਖੇਤੀ, ਨੌਕਰੀ ਆਦਿ ਕਰਕੇ ਕਮਾਈ ਕਰਦਾ ਹੈ ਤੇ ਪਦਾਰਥ ਵਾਲਾ ਹੁੰਦਾ ਹੈ, ਚਾਹੋ ਥੋੜਾ ਚਾਹੇ ਬਹੁਤਾ। ਚਾਹੋ ਕੁਝ ਨਾ ਕਰੇ ਤੇ ਮਾਤਾ ਪਿਤਾ ਦਾ ਕੱਠਾ ਕੀਤਾ ਮਿਲ ਜਾਵੇ ਸੂ। ਹੁਣ ਜੇ ਉਹ ਕਲਜਾਣ ਚਾਹੁੰਦਾ  ਹੈ ਤੇ ਕਿਰਤਾਰਥ ਅਵਸਥਾ ਦਾ ਲੋੜਕੂ ਹੈ ਤਾਂ ਚਾਹੀਦਾ ਹੈ ਕਿ ਉਹ ਪਦਾਰਥਾਂ ਤੇ ਕੁਟੰਬ ਦੇ ਵਿਚ ਵੱਸਦਾ ਮਨ ਨੂੰ ਅਤੀਤ ਰੱਖੇ।ਵਿਚ ਵਸਦਾ ਅਤੀਤ ਕਿੰਵ ਹੋਵੇ? ਇਸਦੀ ਜੁਗਤ ਇਹ ਹੈ:- ਮਾਲ, ਧਨ, ਸੱਜਣ, ਸਾਕ, ਸਭ ਉਸ ਨਿਰੰਕਾਰ ਦੇ ਜਾਣੇ; ਐਥੋਂ ਤਾਂਈਂ ਕਿ ਤਨ ਮਨ ਜੀਉ ਪਿੰਡ ਸਭ ਉਸ ਦੀ ਦਾਤ ਜਾਣੇ। ਜਗਤ ਵਿਚ ਐਉਂ ਰਹੇ ਜਿਵੇਂ ਸਫਰ ਵਿਚ ਕਿਸੇ ਸਰਾਂ ਵਿਚ ਰਹੀਦਾ ਹੈ। ਸਰਾਂ ਵਿਚ ਆਪਣੇ ਸਾਰੇ ਸੁਖ ਲਈ ਪ੍ਰਬੰਧ ਕਰੀਦਾ ਹੈ, ਪਰ ਜਾਣੀਦਾ ਹੈ ਕਿ ਏਥੇ ਸਦਾ ਨਹੀਂ ਰਹਿਣਾ, ਜਿਥੇ ਪਹੁੰਚਣਾ ਹੈ ਤਾਂਘ ਉਥੋਂ ਦੀ ਹੁੰਦੀ ਹੈ। ਸਰਾਂ ਦੇ ਸੁਖ ਦੇ ਸਾਮਾਨ ਕਰਦਾ ਕਦੇ ਸਰਾਂ ਦੇ ਸੁਖਾਂ ਵਿਚ ਗ਼ਾਫਲ ਨਹੀਂ ਹੋ ਬਹਿੰਦਾ, ਵਤਨ ਦੀ ਤਾਂਘ ਲਗੀ ਰਹਿੰਦੀ ਹੈ। ਇਹ ਹੈ ਗ੍ਰਿਹਸਤ ਵਿਚ ਅਤੀਤ ਰਹਿਣੇ ਦਾ ਦ੍ਰਿਸ਼ਟਾਂਤ। ਗ੍ਰਿਹਸਤੀ ਸਾਰੇ ਪਦਾਰਥਾਂ ਤੇ ਪਿਆਰਾਂ ਵਿਚ ਬੈਠਾ ਇਹ ਸਮਝੇ ਕਿ ਇਹ ਸਭ ਕੁਛ ਮੇਰੇ ਪਰਮੇਸ਼ਰ ਦਾ ਹੈ ਤੇ ਮੈਂ ਬੀ ਪਰਮੇਸ਼ਰ ਦਾ ਹਾਂ ਤੇ ਮੇਰਾ ਓਹੋ ਪਰਮੇਸ਼ਰ ਹੈ ਹੋਰ ਕੋਈ ਨਹੀਂ। ਉਸ ਪਰਮੇਸ਼ਰ ਨਾਲ ਪਜਾਰ ਕਰਦਿਆਂ ਉਸਦੀ ਹਜ਼ੂਰੀ ਵਾਸਾ ਲੱਭ ਪੈਂਦਾ ਹੈ। ਜੀਉਂਦੇ ਜੀ ਉਸ ਤੋਂ ਵਿਛੁੜਦਾ ਨਹੀਂ, ਆਪੇ ਨਾਲ ਮਿਲਿਆ ਕਰਤਾਰ ਨੂੰ, ਉਹ ਸਹੀ ਕਰਨ ਲਗ ਪੈਂਦਾ ਹੈ। ਇਉਂ ਜੀਉਂਦੇ ਜੀ ਕੰਮ ਕਾਜ ਕਰਦਾ ਉਸ ਵਿਚ ਸਮਾਇਆ ਰਹਿੰਦਾ ਹੈ, ਜਦ ਮਰਦਾ ਹੈ ਤਾਂ ਉਸ ਨੇ ਕਿਥੇ ਜਾਣਾ ਹੋਇਆ। ਉਹ ਤਾਂ ਸਦਾ ਸਮਾਇਆ ਰਹਿੰਦਾ ਮਰ ਕੇ ਬੀ ਸਮਾਇਆ ਹੀ ਹੁੰਦਾ ਹੈ। ਉਸਨੂੰ ਕਹਿਣਾ ਕਿ ਕਿਤੇ ਜਾਏਗਾ ਤੇ ਆਵੇਗਾ, ਬਣਦਾ ਨਹੀਂ। ਉਹ ਸਦਾ ਸਮਾ ਰਿਹਾ, ਜੀਉਂਦੇ ਮੋਏ, ਸਮਾਈ ਰੰਗ ਵਿਚ ਹੈ, ਵੱਖ ਹੁੰਦਾ ਹੀ ਨਹੀਂ। ਏਹ ਉਪਦੇਸ਼ ਗੁਰੂ ਜੀ ਨੇ ਅਠਵੇਂ ਅੰਕ ਵਿਚ ਐਉਂ ਉਚਾਰਿਆ ਹੈ; ਸੁਣੋ ਮੈਂ ਫੇਰ ਵਾਚਦਾ ਹਾਂ।

**ਰਹੈ ਅਤੀਤੁ ਜਾਣੈ ਸਭੁ ਤਿਸਕਾ॥**
**ਤਨੁ ਮਨੁ ਅਰਪੈ ਹੈ ਇਹੁ ਜਿਸਕਾ॥**
**ਨਾ ਓਹੁ ਆਵੈ ਨਾ ਓਹੁ ਜਾਇ॥**
**ਨਾਨਕ ਸਾਚੇ ਸਾਚਿ ਸਮਾਇ॥੮॥੨॥**

(ਬਿਲਾ:ਮ:੧:ਅਸ਼-੨, ਅੰਗ ੮੩੨)

ਇਹ ਸੁਣਕੇ ਸਾਰੇ ਭਗਤ ਗੁਰੂ ਦੇ ਚਰਨੀ ਪੈ ਗਏ ਤੇ ਅਰਜ਼ੋਈ ਕੀਤੀ ਕਿ ਸਾਨੂੰ ਨਾਮ ਦਾਨ ਬਖਸ਼ੋ। ਤਦ ਗੁਰੂ ਜੀ ਨੇ ਉਹਨਾਂ ਤੇ ਮੇਹਰ ਕਰਕੇ 'ਨਾਮ' ਬਖਸ਼ਿਆ। **ਜਨਮ-ਸਾਖੀ** ਵਿਚ ਲਿਖਜਾ ਹੈ ਕਿ ਓਹ ਨਾਮ ਜਪਦੇ ਅੰਤ ਪਰਮ ਗਤੀ ਨੂੰ ਪ੍ਰਾਪਤ ਹੋਏ। ਇਹ ਕਹਿਕੇ ਸੰਤ ਜੀ ਨੇ ਕਥਾ ਦੇ ਭੋਗ ਤੇ ਅੰਤ ਵਾਕ ਏਹ ਆਖੇ:-

ਖਾਲਸਾ ਜੀ, ਮਾਈ ਭਾਈ, ਸੰਤ ਗ੍ਰਿਹਸਤੀ ਸਜਣੋ ! ਅਜ ਉਸ ਨੈਣਾਂ ਵਾਲੇ ਸਤਿਗੁਰੂ ਦਾ ਅਵਤਾਰ ਦਿਨ ਹੈ। ਅਜ ਤੁਸਾਂ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਰਿਆ ਉਪਦੇਸ ਸੁਣਿਆ ਹੈ। ਇਹੋ ਸਮਝੋ ਕਿ ਅਜ ਸੁਹਣੇ ਬਾਬਲ ਗੁਰੂ ਬਾਬਾ ਸਤਿਗੁਰ ਨਾਨਕ ਦੇਵ ਜੀ ਨੇ ਇਹ ਸ਼ਬਦ ਸਾਨੂੰ ਆਪ ਆਕੇ ਦਿਤਾ ਹੈ। ਇਸਨੂੰ ਧਾਰਨ ਕਰੋ। ਅਜ ਨਾਮ ਧਾਰਨ ਵਾਲੇ ਹੋ ਜਾਓ। ਅੰਮ੍ਰਿਤ ਛਕੋ ਤੇ ਨਾਮ ਬਾਣੀ ਦੀ ਦਾਤ ਸਤਿਗੁਰ ਤੋਂ ਪ੍ਰਾਪਤ ਕਰ ਲਓ। ਨਾਮ ਨੂੰ ਪ੍ਰਾਪਤ ਹੋ ਕੇ ਨਾਮ ਦੀ ਕੀਮਤ ਕੂਤ ਨੂੰ ਹੋਰ ਕੀਮਤੀ ਲਖ ਲਓ। ਇਸ ਬਿਨਾਂ 'ਕਿਰਤਾਰਥ' ਅਵਸਥਾ ਨਹੀਂ ਲੱਭਦੀ। ਇਸਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਣ ਸ਼ਰਣ ਬੈਠ ਕੇ ਰੋਜ਼ ਸਚੇ ਗੁਰੂ ਦਾ ਸਤਿਸੰਗ ਕਰੋ, ਰੋਜ਼ ਉਪਦੇਸ ਸੁਣੋ ਜੋ ਤੁਹਾਡੇ ਅੰਦਰ ਨਾਮ ਪ੍ਰਪੱਕ ਹੁੰਦਾ ਰਹੇ। ਗੁਰਮਤਿ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਹ ਚਾਨਣ ਦਾਤਾ ਹੈ:- ਸਿਰੀ

**ਗੁਰਬਾਣੀ ਇਸੁ ਜਗ ਮਹਿ ਚਾਨਣੁ**

(ਸਿਰੀ:ਮ:੩, ਅੰਗ ੬੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡਕੇ ਤੁਸੀਂ ਦੈਵੀ ਚਾਨਣੇ ਥੋਂ ਵਾਂਜੇ ਜਾਓਗੇ। ਰੋਜ਼ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਕਰੋ, ਆਪਣੇ ਦੁਆਲੇ ਜਿੰਨਾ ਹੋ ਸਕੇ ਰੂਹਾਨੀ ਵਾਯੂਮੰਡਲ ਬਣਾਓ। ਗ੍ਰਿਹਸਤ ਵਿਚ ਵਸਦੇ, ਵਾਹਿਗੁਰੂ ਨੂੰ ਲਖਦੇ, ਉਸਦੀ ਹਜ਼ੂਰੀ ਵਿਚ ਵੱਸਦੇ ਉਤਮ ਆਚਰਣ, ਨੇਕ ਜੀਵਨ, ਦਾਤਾ ਜੀਵਨ ਬਸਰ ਕਰੋ, ਇਹ ਹੈ ਜੇ ਗੁਰਪੁਰਬ ਮਨਾਉਣਾ ਤੇ ਮਨਾਕੇ ਕਿਰਤਾਰਥ ਹੋ ਜਾਣਾ। ਅੱਜ ਦੇ ਆਏ ਗੁਰੂ ਵਾਕ ਦੇ ਹਰ ਅੰਗ ਤੇ ਅਮਲ ਕਰੋ।

## ਮੇਰੀ ਅੰਤਮ ਪ੍ਰਾਰਥਨਾ

ਸਭ ਮਾਈ ਭਾਈ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਆਪਣਾ ਆਚਰਣ ਉਚਾ ਤੇ ਸੁਚਾ ਬਣਾਓ, ਜਿਸ ਨੂੰ ਦੂਜੀ ਬੋਲੀ ਵਿਚ ਕਹੀਦਾ ਹੈ ਕਿ ਆਪਣਾ 'ਕੈਰੈਕਟਰ' (Character) ਉਚਾ ਸੁਚਾ ਬਣਾਓ। ਕੈਰੈਕਟਰ ਨੀਹਾਂ ਹਨ, ਜਿਨ੍ਹਾਂ ਤੇ ਨਾਮ ਦਾ ਮਹੱਲ ਉਸਰਦਾ ਹੈ। ਨੀਹਾਂ ਤੇ ਮਹੱਲ ਦੁਇ ਵਸਤਾਂ ਬਾਣੀ ਦੇ 'ਪਾਠ' 'ਵੀਚਾਰ' ਨਾਲ ਪ੍ਰਾਪਤ ਹੁੰਦੀਆਂ ਹਨ। ਗੁਰਬਾਣੀ ਕੈਰੈਕਟਰ ਦਾ ਉਪਦੇਸ਼ ਤੇ ਉਤਸ਼ਾਹ ਬਖਸ਼ਦੀ ਹੈ।

**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥**

(ਬਿਲਾਵਲ ਮ:੩, ਅੰਗ ੭੯੭)

**ਸ੍ਰੀ ਵਾਹਿਗੁਰੂ ਜੀ ਕਾ ਖਾਲਸਾ॥**
**ਸ੍ਰੀ ਵਾਹਿਗੁਰੂ ਜੀ ਕੀ ਫਤਹ॥**

**॥ ਇਤੀ ॥**

ਸੰਤ ਬਿਮਲਾ ਸਿੰਘ ਭਾਗ ਪਹਿਲਾ ਸਮਾਪਤ

❖ ❖ ❖ ❖

# Eco-Philosophy of Guru Granth Sahib

❖ Dr. N. Muthu Mohan

The Philosophy of *Guru Granth Sahib* emerged in the socio-historical context of 15th to 17th centuries in the north western part of India's subcontinent. During the period referred, the ecological and environmental problems were not as acute as we experience today. As popularly known, the 'ecological crisis' came to the forefront only along with the Industrial age particularly in the Western hemisphere. However, it is remarkable to find that *Guru Granth Sahib* contains a very well-articulated eco-philosophy that can meet the challenges posed by the modern age. The ecological and environmental concerns of Sikhism are not something external or incidental to the philosophy of Sikhism. On the other hand, Sikh philosophy as it is found in the hymns of the Gurus or in Guru Granth Sahib contains in its very basis an eco-philosophy.

This presentation is an attempt to elucidate this concept and to show that such a profound eco-philosophy is structured in the philosophy of *Guru Granth Sahib*.

**The Principle of Hukam**

The very opening paragraph of Japu ji Sahib formulates, in unequivocal terms, the basic postulate of the entire philosophy of Guru Granth Sahib.

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥

*How to become true (Sachiar) to the Creator?*
*How to demolish the wall of illusion?*
*It is through obedience to His Ordinance and Will.*

(SGGS: 1)




The positive concept expressed here is *Hukam*, or the Divine Ordinance. Guru Granth Sahib holds the view that by obedience to the Hukam, the Divine Ordinance, a human being becomes loyal to God.

The concept of Hukam is formulated in Japu ji Sahib and elsewhere in terms of a perfectly coordinated Cosmic Order. Nature, i.e., the ecological system, is the paradigm in which the principle of Hukam is formulated. This does not mean to say that Hukam is the pure objectivity of Nature, as has been postulated in the Western scientific thinking. Hukam organically combines the moment of objectivity and subjectivity; in other words, objectivity and subjectivity divided and counter-posed are unknown to Sikh thought. The subjectivity involved in the concept of Hukam is the Subjectivity of God, or the Will

of the Creator. The Subjectivity of God that is involved in the making of the concept of Hukam is the Design and Command of God. Thus, with the introduction of the concept of Hukam, the Gurus have 'spiritualised' the otherwise raw and objective Nature.

The principle of Hukam informs that God has bestowed abundance of wealth to Nature, and therefore to Mankind, indeed to all creation:

ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥
ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ॥

*Infinitely the creation receives from Him sustenance He is the Ordainer*
*By His Ordinance the Universe He runs.*
*All creation seeks boons of Him*
*Endlessly does He confer these*

(SGGS:2)

ਅੰਤੁ ਨ ਸਿਫਤੀ ਕਹਣਿ ਨ ਅੰਤੁ॥
ਅੰਤੁ ਨ ਕਰਣੈ ਦੇਣਿ ਨ ਅੰਤੁ॥

*Countless are God's attributes,*
*Endless their count*
*Innumerable His doings, His bounty.*

(SGGS:5)

Hukam does not perceive the Cosmic Order as *Mayaic* - or as passive. It is true and holy, full of varieties, dynamism and the wonders of beauty. A long hymn in *Asa-di-Var* celebrates the variety and wonder of the cosmic order.

ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥

*All creation on one thread has He strung.*

(SGGS: 276)

Creation is permeated with a symphony of Divine Shabda; all God's creation plays astral music:

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥

*Endless the instruments, the notes, the players who laud Thee*
*Innumerable the musical measures and the symphonies*
*The musicians orchestrating Thy praises:*
*Air, water and fire laud Thee"*

(SSGS:6)

According to the order of Hukam, the social or the human world is a part of the cosmic world. The human world is the extension of the spiritualised cosmic existence and is the law of Hukam:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

*Air is the vital force; Water the progenitor*
*The vast Earth the Mother of all*
*Day and Night are nurses, fondling all creation in their lap*
*Of all, the righteous Judge weighs the merit and demerit Himself*

(SGGS: 8)

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥

*He created Night and Day, seasons and occasion*
*So also Air, Water, Fire and the Nether Regions*
*Amidst these has He fixed the Earth, the place for Righteous Action*

(SGGS: 7)

With moral and just actions, the human world completes realising the law of Hukam. By never forgetting and always remembering the Name of God, the human world apprehends the law of Hukam. By being dynamic, inter-related and mutually supportive the divine music reverberates in the universe.

Courtesy : *Nishaan 1/2009*

❖ ❖ ❖ ❖

# ਸਿੱਖ ਕੰਨਿਆਂ ਮਹਾਂਵਿਦਿਆਲਾ ਫੀਰੋਜ਼ਪੁਰ ’ਤੇ ਹੋਈ ਚਰਚਾ

ਨਵੀਂ ਦਿੱਲੀ, 26 ਮਾਰਚ, 2021 : ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਵਿਸ਼ੇ-ਵਿਸ਼ੇਸ਼ ਚਰਚਾ ਦੇ ਤਹਿਤ ਇਸ ਵਾਰ ਸਿੱਖ ਕੰਨਿਆਂ ਮਹਾਂਵਿਦਿਆਲਾ, ਫੀਰੋਜ਼ਪੁਰ ਦੇ ਉੱਪਰ ਲੇਡੀ ਸ਼੍ਰੀ ਰਾਮ ਕਾਲਜ ਫਾਰ ਵੂਮੈਨ, ਦਿੱਲੀ ਯੂਨੀਵਰਸਿਟੀ ਦੇ ਅਸਿਸਟੈਂਟ ਪ੍ਰੋਫੈਸਰ ਡਾ. ਤ੍ਰਿਪਤੀ ਬੱਸੀ ਨੇ ਲੈਕਚਰ ਦਿੱਤਾ ਅਤੇ ਇਸਦੀ ਪ੍ਰਧਾਨਗੀ ਵਿਵੇਕਾਨੰਦ ਕਾਲਜ, ਦਿੱਲੀ ਯੂਨੀਵਰਸਿਟੀ ਦੀ ਆਫੀਸ਼ੀਏਟਿੰਗ ਪ੍ਰਿੰਸੀਪਲ ਅਤੇ ਐਸੋਸ਼ੀਏਟ ਪ੍ਰੋਫੈਸਰ ਡਾ. ਹੀਨਾ ਨਾਂਦਰਾਜੋਗ ਨੇ ਕੀਤੀ। ਪ੍ਰੋ. ਰਵੇਲ ਸਿੰਘ ਇਸ ਪ੍ਰੋਗਰਾਮ ਦੇ ਕਨਵੀਨਰ ਸਨ।


ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ ਆਇਆਂ ਕਹਿੰਦਿਆਂ ਸਿੱਖ ਵਿੱਦਿਆ ਖੇਤਰ ਦੀ ਮੁੱਢਲੀ ਸੰਸਥਾ ਸਿੱਖ ਕੰਨਿਆਂ ਮਹਾਂਵਿਦਿਆਲਾ ਫੀਰੋਜ਼ਪੁਰ, ਅਤੇ ਉਸ ਸਮੇਂ ਹੋਏ ਵਿੱਦਿਅਕ ਉਪਰਾਲਿਆਂ ਬਾਰੇ ਸੰਖੇਪ ’ਚ ਦੱਸਿਆ। ਉਨ੍ਹਾਂ ਇਸ ਬਾਰੇ ਚਰਚਾ ਕਰਨ ਵਾਲੇ ਵਕਤਿਆਂ ਨਾਲ ਵੀ ਜਾਣ-ਪਛਾਣ ਕਰਾਈ। ਡਾ. ਤ੍ਰਿਪਤੀ ਬੱਸੀ ਨੇ 1892 ’ਚ ਸ਼ੁਰੂ ਹੋਈ 129 ਸਾਲ ਪੁਰਾਣੀ ਲੜਕੀਆਂ ਦੀ ਵਿੱਦਿਅਕ ਸੰਸਥਾ—ਸਿੱਖ ਕੰਨਿਆਂ ਮਹਾਂਵਿਦਿਆਲਾ ਬਾਰੇ ਬੋਲਦਿਆਂ ਦੱਸਿਆ ਕਿ ਇਸਨੂੰ ਭਾਈ ਤਖ਼ਤ ਸਿੰਘ ਨੇ ਇਕ ਗੁਰਦੁਆਰੇ ਤੋਂ ਸ਼ੁਰੂ ਕੀਤਾ ਸੀ। ਇਹ ਉਹ ਸਮਾਂ ਸੀ ਜੱਦ ਧਾਰਮਕ ਅਸਥਾਨਾਂ ਦੇ ਨਾਲ ਵਿੱਦਿਆ ਪ੍ਰਦਾਨ ਕਰਨ ਲਈ ਵਿੱਦਿਅਕ ਸੰਸਥਾਵਾਂ ਖੋਲੀਆਂ ਜਾਂਦੀਆਂ ਸਨ। ਇਹ ਉਹ ਸਮਾਂ ਵੀ ਸੀ ਜੱਦ ਵਿੱਦਿਆ ਦੇ ਖੇਤਰ ’ਚ ਲੜਕੀਆਂ ਦੀ ਸ਼ਮੂਲੀਅਤ ਨਾ ਦੇ ਬਰਾਬਰ ਸੀ ਤੇ ਅਜਿਹੇ ਸਮੇਂ ਭਾਈ ਤਖ਼ਤ ਸਿੰਘ ਤੇ ਉਹਨਾਂ ਦੀ ਪਤਨੀ ਹਰਨਾਮ ਕੌਰ ਨੇ ਇਸ ਪਾਸੇ ਨਿੱਗਰ ਉਪਰਾਲੇ ਕਰਦਿਆਂ ਸਿੱਖ ਕੰਨਿਆਂ ਮਹਾਂਵਿਦਿਆਲੇ ਨੂੰ ਵਿੱਦਿਅਕ ਖੇਤਰ ’ਚ ਇਕ ਮਿਆਰੀ ਸਿੱਖ ਸੰਸਥਾ ਬਣਾਇਆ। ਇਸ ਰਿਹਾਇਸ਼ੀ ਵਿੱਦਿਅਕ ਸੰਸਥਾ ’ਚ ਵਧੇਰੇਕਰ ਵਿਦਿਆਰਥੀ ਦਲਿਤ, ਪਛੜੇ ਤੇ ਸਰਹੱਦੀ ਖੇਤਰਾਂ ਤੋਂ ਸਨ। ਡਾ. ਤ੍ਰਿਪਤੀ ਅਨੁਸਾਰ ਇਹ ਧਾਰਮਿਕ ਤੇ ਨੈਤਿਕ ਮੁੱਲ ਹੀ ਸਨ ਜਿਸ ਸਦਕਾ ਲੋਕਾਂ ਦਾ ਵਿਸ਼ਵਾਸ ਇਸ ਸੰਸਥਾ ਉੱਪਰ ਹਮੇਸ਼ਾ ਕਾਇਮ ਰਿਹਾ। ਆਜ਼ਾਦੀ ਪਹਿਲਾਂ ਤੋਂ ਕਾਇਮ ਹੋਈ ਇਹ ਸੰਸਥਾ ਅੱਜ ਵੀ ਉਸ ਇਲਾਕੇ ਵਿਚ ਵਿੱਦਿਅਕ ਖੇਤਰ ਦੀ ਇਕ ਮਹੱਤਵਪੂਰਨ ਸੰਸਥਾ ਵਜੋਂ ਜਾਣੀ ਜਾਂਦੀ ਹੈ ਜਿਸ ਨੇ ਵਿਸ਼ੇਸ਼ਕਰ ਦਲਿਤ ਸ਼੍ਰੇਣੀਆਂ ’ਚ ਵਿੱਦਿਆ ਦਾ ਚਾਨਣ ਵੰਡਿਆ। ਉਹਨਾਂ ਪਾਵਰ ਪੁਆਂਇੰਟ ਪੇਸ਼ਕਾਰੀ ਰਾਹੀਂ ਇਸ ਦਾ ਖੇਡ-ਮੈਦਾਨ, ਬਿਲਡਿੰਗ, ਗੁਰਦੁਆਰਾ, ਲਾਇਬ੍ਰੇਰੀ ਤੇ ਹੋਰ ਵਿਭਾਗਾਂ ਦਾ ਸਵਿਸਤਾਰ ਵਰਣਨ ਕੀਤਾ। ਉਪਰੰਤ ਆਪਣੇ ਪ੍ਰਧਾਨਗੀ ਭਾਸ਼ਣ ’ਚ ਡਾ. ਹੀਨਾ ਨਾਂਦਰਾਜੋਗ ਨੇ ਡਾ. ਤ੍ਰਿਪਤੀ ਰਾਹੀਂ ਦਿੱਤੇ ਲੈਕਚਰ ਦੀ ਪ੍ਰਸੰਸਾ ਕਰਦਿਆਂ ਸਿੱਖ ਕੰਨਿਆਂ ਮਹਾਂਵਿਦਿਆਲੇ ਰਾਹੀਂ ਵਿੱਦਿਆ ਦੇ ਖੇਤਰ ’ਚ ਕੀਤੇ ਉਪਰਾਲਿਆਂ ਨੂੰ ਸਮੇਂ-ਮੁਤਾਬਿਕ ਇਕ ਸਾਹਸਪੂਰਨ ਕਰਤਵ ਦੱਸਿਆ ਕਿਉਂਜੋ ਇਕ ਤਾਂ ਉਹ ਅਜਿਹਾ ਸਮਾਂ ਸੀ ਜੱਦ ਲੜਕੀਆਂ ਦੀ ਵਿੱਦਿਆ ਪ੍ਰਾਪਤੀ ਬਾਰੇ ਆਮ ਸੋਚ ਨਕਾਰਾਤਮਕ ਸੀ, ਦੂਜਾ ਮਾਲਵੇ ਦਾ ਇਹ ਖੇਤਰ ਵਿੱਦਿਅਕ ਪੱਖੋਂ ਪਛੜਿਆ ਹੋਇਆ ਸੀ। ਉਨ੍ਹਾਂ ਗੁਰੂ ਸਾਹਿਬਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰੂਆਂ ਨੇ ਹਮੇਸ਼ਾਂ ਔਰਤ-ਮਾਰਦ ਬਰਾਬਰੀ ਅਤੇ ਜਾਤ-ਸੰਪਰਦਾ-ਕੁਲ-ਵਰਣ ਰਹਿਤ ਸਮਾਜ ਦਾ ਤਸੱਵਰ ਸਾਡੇ ਸਾਹਮਣੇ ਪੇਸ਼ ਕੀਤਾ। ਇਨ੍ਹਾਂ ਵਿਸ਼ਵਾਸਾਂ ਨੂੰ ਆਧਾਰ ਬਣਾ ਕੇ ਹੀ ਭਾਈ ਤਖ਼ਤ ਸਿੰਘ, ਬੀਬੀ ਹਰਨਾਮ ਕੌਰ, ਬੀਬੀ ਆਗਿਆ ਕੌਰ ਨੇ ਇਸ ਵਿਚ ਭਰਪੂਰ ਯੋਗਦਾਨ ਪਾਇਆ ਜਿਸ ਸਦਕਾ ਇਸਨੇ ਵਿੱਦਿਅਕ ਖੇਤਰ ’ਚ ਇਕ ਮਿਆਰੀ ਸੰਸਥਾ ਵਜੋਂ ਪਛਾਣ ਬਣਾਈ। ਅਖੀਰ ’ਚ ਡਾ. ਰਵੇਲ ਸਿੰਘ ਨੇ ਇਸ ਆਨਲਾਈਨ ਚਰਚਾ ਨੂੰ ਵਿੱਦਿਆ ਪ੍ਰਾਪਤੀ ਦੇ ਖੇਤਰ ’ਚ ਮਹੱਤਵਪੂਰਨ ਦੱਸਦਿਆਂ ਇਸ ’ਚ ਹਾਜ਼ਰ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖



ਡਾ. ਤ੍ਰਿਪਤੀ ਬੱਸੀ



ਡਾ. ਹੀਨਾ ਨਾਂਦਰਾਜੋਗ



ਡਾ. ਮਹਿੰਦਰ ਸਿੰਘ



ਡਾ. ਰਵੇਲ ਸਿੰਘ

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

**7 ਅਪ੍ਰੈਲ,** 1921

## ਖਾਲਸਾ ਜੀ ਹੁਸ਼ਜਾਰ!

ਪੰਥ ਉੱਤੇ ਬੜਾ ਨਾਜ਼ੁਕ ਵਕਤ ਲੰਘ ਰਿਹਾ ਹੈ, ਜਿਸਤਰਾਂ ਚਾਹੀਏ ਉਸਤਰਾਂ ਦਿਲ, ਦਿਮਾਗ ਤੇ ਡੌਲੇ ਇਕ ਹੋਕੇ ਅਜੇ ਕੰਮ ਨਹੀਂ ਕਰ ਰਹੇ। ਪੰਥ ਵਿਚ ਇਕ ਤੋਂ ਵਧੀਕ ਪਾਸਿਆਂ ਦੇ ਜਾਸੂਸ ਪੰਥ ਵਿਚ ਸਿੱਖੀ ਬਾਣੇ ਵਿਚ ਸਿੱਖਾਂ ਤੋਂ ਭੁੱਲਾਂ ਕਰਵਾਉਣ ਦੇ ਦਰਪੇਸ਼ ਹਨ ਤੇ ਤਬਾਹੀ ਵੱਲ ਰਹਨੁਮਾਈ ਕਰਦੇ ਹਨ, ਬਾਹਰ ਪ੍ਰਗਟ ਤੌਰ ਤੇ ਹਰ ਮਜ਼ਹਬ ਦੇ ਲੋਕ ਆਪ ਅਪਣੇ ਲਾਭਾਂ ਵਿਚ ਹਨ। ਕਈ ਸ਼ਹਿਰਾਂ ਦੀਆਂ ਹੋਣੀਆਂ ਦੱਸ ਚੁੱਕੀਆਂ ਹਨ ਕਿ ਹਿੰਦੂਆਂ, ਸਿੱਖਾਂ ਨਾਲ ਕੀ ਵਰਤੋਂ ਵਰਤੀ ਹੈ। ਸਰਕਾਰੇ ਇਕ ਕਾਨੂੰਨ ਪੇਸ਼ ਹੈ ਜੋ ਸਾਡਾ ਦਿਮਾਗ ਬੜਾ ਘੁੰਮਾ ਰਿਹਾ ਤੇ .......ਇਕ ਹੋਵੇ ਤਾਂ ਅਸੀਂ ਕਾਨੂੰਨ ਨੂੰ ਐਸਾ ਬਣਵਾ ਸਕਦੇ ਹਾਂ ਕਿ ਸਾਡਾ ਕਾਰਜ ਰਾਸ ਹੋ ਜਾਵੇ। ਜੇ ਅਸੀ ਕਾਨੂੰਨ ਨੂੰ ਜੇ ਕਿਸੇ ਨੁਕਤੇ ਤੋਂ ਨਾ ਸੁਧਾਰ ਯੋਗ ਆਖਾਂਗੇ ਯਾ ਰਦਾਂਗੇ ਤਾਂ ਸਾਡੇ ਕਈ ਮਿਤ੍ਰ ਅਪਨੇ ਨੁਕਤੇ ਤੋਂ ਇਸ ਨੂੰ ਰੱਦਣਗੇ ਅਰ ਚਾਹੁਣਗੇ ਕਿ ਸਾਡੀ ਹਾਲਤ ਡਾਵਾਂ ਡੋਲ ਰਹੇ ਤੇ ਅਸੀ ਸਿਰੇ ਕਦੇ ਨ ਚੜ੍ਹੀਏ, ਸਾਡੇ ਅੱਗੇ ਯਤਨ, ਮੇਹਨਤ, ਝਗੜਾ, ਮੌਤ ਟਿਕੀ ਰਹੇ।

5 ਤ੍ਰੀਕ ਦਾ **ਟ੍ਰਿਬਯੂਨ** ਪੜ੍ਹੋ, ਆਪ ਲਖਦੇ ਹਨ ਕਿ ਬਿੱਲ ਵਿਚ 'ਸਿੱਖ ਧਰਮ ਦੀ ਤੁੱਕੀ' ਕੱਢ ਦਓ, ਕਿਉਂਕਿ ਕਿਸੇ ਕਾਨੂੰਨ ਵਿੱਚ ਇਹ ਨਹੀਂ ਚਾਹੀਦਾ, ਧਾਰਮਕ ਨਿਰਪੱਖਤਾ ਸਰਕਾਰ ਦਾ ਅਸੂਲ ਹੈ। ਹੁਣ ਆਪ ਪੜ੍ਹੋ ਬਿੱਲ ਵਿਚ ਤਾਂ ਇਹ ਲਫਜ਼ ਗੁਰਦੁਆਰਿਆਂ ਵਿਚ ਜੋ ਕੰਮ ਹੁੰਦੇ ਹਨ ਉਹਨਾਂ ਸੰਬੰਧੀ ਹੈ ਕਿ ਏਹ ਮੰਦਰ ਸਿੱਖ ਧਰਮ ਦੀ ਤੁੱਕੀ ਵਾਸਤੇ ਪ੍ਰਯੋਜਤ ਹਨ। ਟ੍ਰਿਬਯੂਨ ਚਾਹੁੰਦਾ ਹੈ ਕਿ ਓਥੇ ਕੇਵਲ ਜਾਇਦਾਦ ਦੇ ਪ੍ਰਬੰਧ ਤੇ ਇਮਾਰਤ ਦੀ ਖੂਬਸੂਰਤੀ ਰਹੇ ਤੇ ਮਨੋਰਥ ਗੁੰਮ ਹੋ ਜਾਵੇ? ਇਸੇ ਮਨੋਰਥ ਦੇ ਗੁੰਮ ਹੋਣ ਨੇ ਤਾਂ ਸਿੱਖਾਂ ਵਿਚ ਸੁਧਾਰ ਦੀ ਲਹਿਰ ਪੈਦਾ ਕੀਤੀ ਹੈ, ਜੇ ਨਵਾਂ ਬੋਰਡ ਇਹੋ ਗੱਲ ਨਜ਼ਰ ਅੰਦਾਜ਼ ਕਰੇਗਾ ਤਾਂ ਕਾਨੂੰਨ ਮੁਰਦਾ ਹਰਫ਼ ਨਾ ਹੋ ਜਏਗਾ?

ਖਾਲਸਾ ਜੀ! ਇਸਦੇ ਨਾਲ ਟ੍ਰਿਬਯੂਨ ਲਿਖਦਾ ਹੈ ਕਿ ਸਾਰੇ ਮੰਦਰ ਸਿੱਖ ਮੰਦਰ ਨਹੀਂ ਹਨ, ਉਹਨਾਂ ਦਾ ਫੈਸਲਾ ਕਰਨੇ ਲਈ ਵੱਖਰਾ ਪ੍ਰਬੰਧ ਬਣੇ ਕਿ ਇਹ ਸਿੱਖ ਮੰਦਰ ਹੀ ਨਹੀਂ। ਇਸਦਾ ਮਨੋਰਥ ਏਹ ਹੋ ਸਕਦਾ ਹੈ ਕਿ ਬਹੁਤ ਸਾਰੇ ਸਿੱਖ ਮੰਦਰ ਇਸ ਆੜ ਹੇਠ ਹਿੰਦੂ ਮੰਦਰ ਕਰਾਰ ਦਿੱਤੇ ਜਾ ਸੱਕਣਗੇ, ਰੁਪਯਾ, ਦਿਮਾਗ, ਵਕੀਲ ਹਿੰਦੂਆਂ ਪਾਸ ਬਹੁਤ ਹੈ, ਸੋ ਐਸਾ ਰੱਖਣਾ ਰਹ ਜਾਵੇ ਕਿ ਜਿਸ ਨਾਲ ਪਾਟੋ ਧਾੜ, ਗ੍ਰੀਬ ਦਿਮਾਗ ਵਿਦਯਾ ਵਿਚ ਪਿੱਛੇ ਸਿੱਧੇ ਸਾਫ ਤੇ ਹਰ ਕਿਸੇ ਤੇ ਭਰੋਸਾ ਕਰ ਵਿਛ ਜਾਣ ਵਾਲੇ ਖਾਲਸਾ ਜੀ ਤੋਂ ਕੁਛ ਮੰਦਰ ਇਉਂ ਅਸਾਨੀ ਨਾਲ ਲੀਤੇ ਜਾ ਸੱਕਣ, ਜਿਸਤਰਾਂ ਪੇਸ਼ਾਵਰ ਤੇ ਹੋਰ ਜਗ੍ਹਾ ਹੋ ਰਿਹਾ ਹੈ। ਟ੍ਰਿਬਯੂਨ ਨੇ ਹਿੰਦੂਆਂ ਦੇ ਕਹੇ ਲਿਖੇ ਵਾਕ ਇਹ ਭੀ ਦਿੱਤੇ ਹਨ 'ਕਿ ਸਰਕਾਰ ਸਿੱਖਾਂ ਦੀ ਰਈ ਕਰਨ ਲੱਗੀ ਹੈ' ਇਹ ਬਲਕਾਰ ਦੇ ਅੱਗੇ ਝੁਕਣਾ ਹੈ।

ਸੋ ਖਾਲਸਾ ਜੀ! ਕਾਹਲੀ ਨਾ ਕਰੋ, ਕੇਵਲ ਨਾਂਹ ਨਾਂਹ ਯਾ ਹਾਂ ਹਾਂ ਦੀ ਪੁਕਾਰ ਨ ਚੁੱਕੋ, ਵਧੀਆ ਦਿਮਾਗ, ਕਾਨੂੰਨੀ ਦਿਮਾਗ ਕੱਠੇ ਹੋਕੇ ਕੁਛ ਦਿਨ ਕੁਰਬਾਨੀ ਕਰਕੇ ਪੰਥ ਨੂੰ ਦੱਸੋ ਕਿ ਆਹ ਰਸਤਾ ਦਰੁਸਤ ਹੈ। ਦਿਮਾਗ ਅਗਵਾਨੀ ਕਰੇ, ਸਰੀਰ ਪੈਰਵੀ ਕਰੇ, ਦਿਲ ਬਲ ਬਖਸ਼ੇ ਤੇ ਬਾਹਾਂ ਸਾਹਸ ਵਾਲੀਆਂ ਹੋਣ, ਇਸਤਰਾਂ ਦੇ ਬਿਨਾਂ ਅਸੀਂ ਨਾਜ਼ੁਕ ਸਮੇਂ ਗਲਤੀ ਕਰ ਜਾਵਾਂਗੇ, ਚੰਗਾ ਕਾਨੂੰਨ ਬਣਨਾ ਕੌਮ ਨੂੰ ਬੜੇ ਦੁਖ ਤੋਂ ਬਚਾਏਗਾ, ਕਾਨੂੰਨ ਨੂੰ ਚੰਗਾ ਬਨਵਾ ਲੈਣਾ ਤੁਹਾਡੇ ਦਿਮਾਗੀ ਬਲ ਤੇ ਮੁਤਫਿਕਾ ਅਵਾਜ਼ ਦਾ ਕੰਮ ਹੈ। ਹੇ ਗੁਰੂ ਪੰਥ ਦੇ ਮੰਝੇ ਹੋਏ ਦਿਮਾਗ ਵਾਲਿਓ! ਕੁਛ ਦਿਨ ਇਕ ਥਾਂ ਕੱਠੇ ਬੈਠਕੇ ਇਸ ਮੁਸ਼ਕਲ ਦਾ ਹੱਲ ਪੂਰੀ ਦਾਨਾਈ ਵਾਲਾ ਲੱਭਕੇ ਪੰਥ ਦੀ ਰਹਬਰੀ ਕਰੋ। ਪੰਥ ਦੇ ਪ੍ਰੈਸ ਪੁੱਲ ਪਿੱਟ ਤੇ ਫਰਦਾਂ ਨੂੰ ਵਿਕੋਲਿਤ੍ਰੀ ਆਵਾਜ਼ ਵਿਚ ਨਾਂ ਛੋੜੋ।

## ਸ਼ਹੀਦੀ ਦੀਵਾਨ

ਸ੍ਰੀ ਨਨਕਾਣੇ ਸਾਹਿਬ ਵਿਚ ਸੰਗਤਾਂ ਮੁਲਕ ਦੇ ਹਰ ਹਿੱਸੇ ਵਿਚੋਂ ਆ ਰਹੀਆਂ ਹਨ, ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੁਕਮ ਵਿਚ ਕੋਈ ਆਦਮੀ ਆਪਣੇ ਹੱਥ ਵਿਚ ਲਾਠੀ ਜਾਂ ਸਫਾ ਜੰਗ ਨਹੀਂ ਲਿਆਇਆ, 99 ਫੀਸਦੀ ਸਭ ਦੇ ਸਿਰਾਂ ਦੇ ਦਸਤਾਰੇ ਸੁਰਮਈ ਹਨ। ਸ੍ਰੀ ਮਾਨ ਸੰਤ ਅਤਰ ਸਿੰਘ ਜੀ, ਭਾਈ ਸਾਹਿਬ ਭਾਗ ਸਿੰਘ, ਹੀਰਾ ਸਿੰਘ ਜੀ ਰਾਗੀ ਅੱਪੜ ਗਏ ਹਨ। 4 ਤ੍ਰੀਕ ਦੀ ਸੰਧਯਾ ਤੱਕ 25 ਤੋਂ 30 ਹਜ਼ਾਰ ਦੇ ਦਰਮਿਆਨ ਸੰਗਤਾਂ ਅੱਪੜ ਚੁੱਕੀਆਂ ਦਾ ਅਨੁਮਾਨ ਸੀ। ਹਰ ਪਾਸਯੋਂ ਆਉਣ ਵਾਲੀਆਂ ਗੱਡੀਆਂ ਭਰੀਆਂ ਆ ਰਹੀ ਹਨ, ਸਿੱਖਾਂ ਦੇ ਨੇਤਰਾਂ ਤੋਂ ਕਰੁਨਾਂ ਰਸ, ਚੇਹਰਿਆਂ ਤੋਂ ਮੌਤ ਤੋਂ ਬੇਖੌਫੀ, ਤੇ ਕੰਮਾਂ ਤੋਂ ਪੂਰਨ ਅਮਨ ਤੇ ਪੂਰਨ ਸ਼ਾਂਤੀ ਪ੍ਰਗਟ ਹੋ ਰਹੀ ਹੈ। ਸਾਰਿਆਂ ਦੇ ਦਿਲ ਸ਼ਹੀਦਾਂ ਦੇ ਦੁੱਖਾਂ ਤੋਂ ਬੇਕਰਾਰ ਜਾਪਦੇ ਹਨ, ਤੇ ਮਲੂਮ ਹੁੰਦਾ ਹੈ ਕਿ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਪੰਥ ਦੀ ਕਾਇਆ ਪਲਟ ਦਿੱਤੀ ਹੈ। ਭਾਈ ਸਾਹਿਬ ਹੀਰਾ ਸਿੰਘ ਜੀ ਰਾਗੀ ਦੀ ਦਿਲ ਖਿੱਚਵੀਂ ਵਿਆਖਿਆ ਸੰਗਤਾਂ ਵਿਚ ਕੋਮੀ ਪਯਾਰ ਦੀ ਲਹਿਰ ਦੀ ਝਰਨਾਟ ਛੇੜ ਰਹੀ ਹੈ ਤੇ ਭਾਈ ਜੋਧ ਸਿੰਘ ਜੀ ਐਮ. ਏ. ਪੰਥ ਨੂੰ ਸਾਵਧਾਨ ਤੇ ਜਥੇਬੰਦ ਹੋ ਸ਼ਾਂਤੀ ਤੇ ਦੀਰਘ ਵਿਚਾਰ ਤੋਂ ਕੰਮ ਲੈਣ ਦਾ ਉਪਦੇਸ਼ ਸਰਵਨ ਕਰਾ ਰਹੇ ਹਨ।

❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੩੬}

[ਰਾਗੁ ਵਡਹੰਸੁ ਮਹਲਾ ੧ ਅਲਾਹਣੀ-੨]

**ਮੂਲ**

**ਵਡਹੰਸੁ ਮਹਲਾ ੧॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ। ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ॥ ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ॥ ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ॥੧॥**

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥੨॥**

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥ ਮਰਣ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥**

**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥ ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ॥ ਕੁਦਰਤਿ ਬੀਚਾਰੇ ਧਾਰਨ ਧਾਰੇ ਜਿਨਿ ਕੀਆ ਸੋ ਜਾਣੈ॥ ਆਪੇ ਵੇਖੈ ਆਪੇ ਬੁਝੈ ਆਪੇ ਹੁਕਮੁ ਪਛਾਣੈ॥ ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥੪॥੨॥**

**ਅਰਥ**

ਹੇ ਸਹੇਲੀਓ! ਆਓ ਮਿਲੋ (ਤੇ ਮਿਲਕੇ ਭਾਵ ਇਕੱਠਿਆਂ ਹੋਕੇ ਬੈਠੀਏ ਤੇ) ਸੱਚਾ ਨਾਮ ਸਿਮਰੀਏ, (ਅਤੇ) ਰੋਈਏ (ਉਸ) ਵਿਛੋੜੇ ਨੂੰ ਜੋ ਆਪਣੇ ਸਰੀਰ ਦਾ ਹੈ, (ਸਰੀਰ ਜੋ ਨਾਮ ਸਿਮਰਣ ਲਈ ਮਿਲਿਆ ਸੀ ਉਸ ਦੀਆਂ ਭੋਗ ਰੁਚੀਆਂ ਨੇ ਸਾਨੂੰ ਸਾਈਂ ਤੋਂ ਵਿਛੋੜੇ ਵਿਚ ਪਾ ਰਖਿਆ ਹੈ, ਇਸ ਸਾਈਂ ਵਿਛੋੜੇ ਨੂੰ ਰੋਈਏ ਤੇ ਆਪਣੇ) ਮਾਲਕ ਨੂੰ ਸੰਭਾਲੀਏ (=ਯਾਦ ਕਰੀਏ)। (ਹਾਂ), ਸਾਹਿਬ ਨੂੰ ਸੰਮ੍ਾਲੀਏ (ਤੇ) ਰਸਤੇ ਨੂੰ ਨਜ਼ਰ ਵਿਚ ਰਖੀਏ, (ਭਾਵ ਸਮਝੀਏ ਕਿ ਇਹ ਜੀਵਨ ਇਕ ਰਸਤਾ ਹੈ, ਜਿਸਤੇ ਟੁਰਦੇ ਟੁਰਦੇ) ਅਸਾਂ ਭੀ ਓਥੇ ਜਾਣਾ ਹੈ (ਜਿਥੇ ਮਰਨ ਵਾਲੇ ਚਲੇ ਗਏ ਹਨ। ਤੇ ਜੋ ਪ੍ਰਾਣੀ ਮਰ ਗਿਆ ਹੈ ਉਸ ਬਾਬਤ ਸਮਝੀਏ ਕਿ) ਜਿਸ ਦਾ ਉਹ ਰਚਿਆ ਹੋਇਆ ਸੀ ਉਸ ਨੇ ਹੀ ਲੈ ਲਿਆ ਹੈ, (ਇਹ) ਉਸੇ ਦਾ ਭਾਣਾ ਵਰਤਿਆ ਹੈ। ਜੋ ਉਸ (ਮਰਨਹਾਰ) ਨੇ (ਜਿਸ ਨੂੰ ਰੋਂਦੀਆਂ ਹੋ ਕਰਮ) ਕਰ ਕਰਕੇ (ਪਾਇਆ=) ਕੱਠਾ ਕੀਤਾ ਸੀ ਉਹ (ਉਸ ਦੇ) ਅੱਗੇ ਆਇਆ, ਅਸੀਂ (ਏਥੇ) ਕੀਹ ਹੁਕਮ ਕਰੀਏ (ਭਾਵ ਉਸ ਦੇ ਕਰਮਾਂ ਨੇ ਤੇ ਉਸ ਮੂਜਬ ਵਾਹਿਗੁਰੂ ਦੇ ਹੁਕਮ ਨੇ ਉਸ ਦਾ ਮਰਨਾ ਲਿਆਂਦਾ ਹੈ, ਇਸ ਹਾਲਤ ਵਿਚ ਜੇਹਾ ਉਸ ਜੀਵ ਨੇ ਕੀਤਾ ਉਸ ਅਨੁਸਾਰ ਪ੍ਰਭੂ ਨੇ ਭਾਗਾਂ ਵਿਚ ਪਾ ਦਿਤਾ ਸੀ, ਉਹੋ ਅੱਗੇ ਆਇਆ, ਅਸੀਂ ਕੁਛ ਨਹੀਂ ਕਰ ਸਕਦੇ, ਨਾ ਹੁਕਮ ਸਾਡੇ ਵੱਸ ਹੈ, ਨਾ ਉਸ ਜੀਵ ਦੀ ਕਰਨੀ ਸਾਡੇ ਵਸ ਹੈ। (ਇਸ ਲਈ) ਆਓ ਸਹੇਲੀਓ ਮਿਲ (ਬੈਠੀਏ ਤੇ) ਸੱਚਾ ਨਾਮ ਸਿਮਰੀਏ॥੧॥

ਹੇ ਲੋਕੋ! ਮਰਨੇ ਨੂੰ ਮਾੜਾ ਨਾ ਕਹੋ, (ਪਰ ਤਾਂ) ਜੇ ਕੋਈ ਐਸਾ ਮਰਨਾ ਜਾਣਦਾ ਹੋਵੇ (ਜੈਸਾ ਕਿ ਵਰਣਨ ਹੋ ਰਿਹਾ ਹੈ; ਉਸ ਮੂਜਬ) ਆਪਣੇ ਸਮਰਥ ਸਾਹਿਬ ਦੀ ਸੇਵਾ ਕਰੋ (=ਨਾਮ ਸਿਮਰੋ ਤਾਂ ਜੋ) ਅਗੇ (ਪ੍ਰਲੋਕ) ਦਾ ਰਸਤਾ ਸੁਖਾਲਾ ਹੋ ਜਾਵੇ। (ਹਾਂ, ਇੱਕ ਤਾਂ ਉਸ) ਸੁਖੱਲੇ ਰਸਤੇ ਜਾਵੋਗੇ (ਦੂਜਾ) ਫਲ ਇਹ ਪਾਓਗੇ ਕਿ ਅੱਗੇ (ਜਾਕੇ) ਵਡਿਆਈ ਮਿਲੇਗੀ। (ਸੋ ਜੇ ਤੁਸੀਂ ਵਾਹਿਗੁਰੂ ਸਿਮਰਦੇ) ਸਾਈਂ ਨਾਲ ਮਿਲੇ ਹੋਏ (ਏਥੋਂ) ਜਾਵੋਗੇ ਤਾਂ ਸੱਚ ਵਿਚ ਸਮਾਓਗੇ ਤੇ ਪਤਿ ਲੇਖੈ ਪਵੇਗੀ। (ਐਉਂ) ਮਾਲਕ ਨੂੰ ਚੰਗੇ ਲਗੋਗੇ, (ਵਾਹਿਗੁਰੂ ਜੀ ਦੇ) ਮਹਲਾਂ ਵਿਚ ਥਾਂ ਮਿਲੇਗੀ (ਤੇ ਉਸ ਨਾਲ) ਅਨੰਦ ਖੁਸ਼ੀਆਂ ਮਾਣੋਂਗੇ। ਹੇ ਲੋਕੋ! ਮਰਨ ਨੂੰ ਮਾੜਾ ਨਾ ਕਹੋ, (ਪਰ) ਜੇ ਕੋਈ (ਐਸਾ) ਮਰਨਾ ਜਾਣਦਾ ਹੈ (ਜੈਸਾ ਕਿ ਵਰਣਨ ਹੋ ਰਿਹਾ ਹੈ)॥੨॥

ਸੂਰਮੇ ਪੁਰਖਾਂ ਦਾ ਮਰਨਾ ਸੱਚਾ (ਮਰਨਾ ਹੈ) ਜੋ (ਪਿਛੇ ਕਹੇ) ਮਰਨੇ ਵਿਚ ਪਰਵਾਣ ਹੋ ਜਾਂਦੇ ਹਨ, ਭਾਵ ਨਾਮ ਜਪਦੇ ਪਰਵਾਨ ਹੋ ਜਾਂਦੇ ਹਨ, (ਭਾਵ ਨਾਮ ਜਪਦੇ ਪਰਵਾਨ ਹੋਏ ਹੋਏ ਜੀਵਤ ਭਾਵ ਤੋਂ ਮਾਨੋਂ ਮਰੇ ਰਹਿਣੇ ਵਾਲਾ ਜੀਵਨ ਬਸਰ ਕਰਦੇ ਹਨ)। [ਸੂਰੇ ਕੌਣ ਹਨ? ਉੱਤਰ:] ਅੱਗੇ (ਭਾਵ ਪਰਲੋਕ ਵਿਚ) ਸੂਰਮੇ ਉਨ੍ਹਾਂ ਨੂੰ ਆਖਦੇ ਹਨ (ਜਿਨ੍ਹਾਂ ਨੂੰ) ਸੱਚੀ ਦਰਗਾਹ ਵਿਚ ਮਾਣ ਮਿਲਦਾ ਹੈ। (ਹਾਂ, ਸੱਚੇ ਸੂਰਮੇ) ਦਰਗਾਹੇ ਮਾਣ ਪਾਉਗੇ, (ਓਥੇ) ਜਾਣਗੇ ਬੀ ਸਤਿਕਾਰ ਨਾਲ, ਤੇ ਅੱਗੇ (ਗਿਆਂ ਨੂੰ ਕੋਈ) ਦੁੱਖ (ਬੀ) ਨਹੀਂ ਲਗੇਗਾ। (ਇਹ) ਫਲ (ਅੱਗੇ ਜਾ ਕੇ) ਤਾਂ ਪਾਉਣਗੇ ਜੇ (ਜੀਉਂਦੇ ਜੀ ਪ੍ਰਭੂ ਨੂੰ) ਇਕ ਕਰਕੇ ਧਿਆਉਣਗੇ (ਉਸ ਪ੍ਰਭੂ ਨੂੰ, ਕਿ) ਜਿਸ ਦੇ ਸੇਵਨੇ ਨਾਲ ਭਉ ਦੂਰ ਹੋ ਜਾਂਦਾ ਹੈ। (ਆਪਣਾ ਦੁੱਖ, ਸੁੱਖ ਪ੍ਰਾਪਤੀ ਯਾ ਮੁਸ਼ਕਲਾਂ ਜੋ ਪੇਸ਼ ਆਉਣ) ਉੱਚੀ (ਪੁਕਾਰ ਕੇ) ਨਹੀਂ ਦੱਸਣੀਆਂ, (ਸਗੋਂ ਆਪਣੇ) ਮਨ ਵਿਚ ਰਹਿਣਾ (ਭਾਵ ਜਰਦੇ ਰਹਿਣਾ, ਪ੍ਰਭੂ) ਜਾਣਨਹਾਰ (ਸਭ ਕੁਛ) ਆਪੇ ਜਾਣਦਾ ਹੈ। (ਸੋ) ਸੂਰਮੇ ਪੁਰਖਾਂ ਦਾ ਮਰਨਾ ਸੱਚਾ (ਮਰਨਾ) ਹੈ ਜੋ ਪਰਵਾਣ ਹੋਕੇ ਮਰਦੇ ਹਨ, (ਭਾਵ ਇਹ ਕਿ ਜੋ ਜੀਉਂਦੇ ਜੀ ਇਕ ਧਿਆਉਂਦੇ ਪਰਵਾਣ ਹੋ ਜਾਂਦੇ ਹਨ)॥੩॥

(ਗੁਰੂ) ਨਾਨਕ (ਦੇਵ ਜੀ ਆਖਦੇ ਹਨ:) ਹੇ ਬਾਬਾ! ਕਿਸ ਕਿਸ ਨੂੰ ਰੋਈਏ, ਇਹ ਸੰਸਾਰ (ਤਾਂ ਕਰਤਾ ਪੁਰਖ ਦੀ ਇੱਕ) ਖੇਲ ਹੈ। ਸਾਹਿਬ ਆਪਣੇ ਕੀਤੇ ਨੂੰ ਵੇਖਦਾ ਹੈ, (ਅਤੇ ਆਪੇ ਇਸ ਤੇ ਕਾਦਰ ਹੋਇਆ ਇਸ ਨੂੰ ਆਪਣੀ) ਕੁਦਰਤ ਵਿਚ (ਰਖਦਾ ਹੋਇਆ ਇਸ ਦੀ) ਵੀਚਾਰ ਕਰਦਾ ਹੈ। (ਹਾਂ, ਆਪਣੀ) ਕੁਦਰਤ (=ਕਾਦਰਪਣੇ) ਨੂੰ ਵੀਚਾਰਦਾ ਹੈ, ਧਾਰਣ (=ਰਚੀ) ਹੋਈ ਨੂੰ ਧਾਰਦਾ ਹੈ, (ਭਾਵ ਸੰਭਾਲ ਰਖਦਾ ਹੈ, ਅਤੇ ਉਹ ਆਪ) ਜਿਸ ਨੇ ਇਹ (ਰਚਨ) ਰਚਿਆ ਹੈ ਜਾਣਦਾ ਹੈ (ਕਿ ਕਿਉਂ ਇਸ ਨੂੰ ਰਚਿਆ ਹੈ)। ਆਪੇ (ਆਪਣੀ ਰਚੀ ਹੋਈ ਨੂੰ) ਵੇਖਦਾ ਹੈ, ਆਪੇ (ਇਸ ਨੂੰ) ਸਮਝਦਾ ਹੈ, ਆਪ ਹੀ (ਆਪਣੇ) ਹੁਕਮ ਨੂੰ ਪਛਾਣਦਾ ਹੈ। (ਸੋ ਭਾਈ) ਜਿਸ ਨੇ (ਇਹ) ਕੁਛ ਰਚਿਆ ਹੈ ਉਹੋ (ਇਸ ਨੂੰ) ਜਾਣਦਾ ਹੈ (ਪਰ) ਉਸ ਦਾ (ਆਪਣਾ) ਸਰੂਪ ਪਾਰ ਰਹਿਤ ਹੈ (ਕੋਈ ਅੰਤ ਨਹੀਂ ਪਾ ਸਕਦਾ)। (ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਹੇ ਬਾਬਾ! ਕਿਸ ਕਿਸ ਨੂੰ ਰੋਈਏ, ਇਹ ਸੰਸਾਰ ਤਾਂ (ਕਰਤਾਰ ਦਾ ਇਕ) ਖੇਲ ਹੈ॥੪॥੨॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਅਨੰਦਪੁਰ ਸਾਹਿਬ ਵਿਖੇ ਨਿਹੰਗਾਂ ਦੇ ਮਹੱਲੇ ਨਾਲ ਸਮਾਪਤ ਹੋਇਆ ਛੇ-ਰੋਜ਼ਾ ਹੋਲਾ-ਮਹੱਲਾ ਪੁਰਬ



ਪੰਜਾਬ ਦਾ ਇਕ ਵੱਡਾ ਕੌਮੀ ਪੁਰਬ ਹੋਲਾ-ਮਹੱਲਾ ੨੯ ਮਾਰਚ ਨੂੰ ਨਿਹੰਗ ਸਿੰਘਾਂ ਰਾਹੀਂ ਕੱਢੇ ਮਹੱਲੇ ਨਾਲ ਸੰਪੂਰਨ ਹੋ ਗਿਆ। ਪੁਰਬ ਹੋਲਾ ਮਹੱਲਾ ਪੰਜਾਬ 'ਚ ਮੁੱਖ ਰੂਪ 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ ਜਿਸ ਵਿਚ ਪਹਿਲੇ ਤਿੰਨ ਦਿਨ ਇਹ ਪੁਰਬ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਤੇ ਅਗਲੇ ਤਿੰਨ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਵਾਰ ਕਰਤਾਰਪੁਰ ਸਾਹਿਬ ਵਿਖੇ ਹੋਲਾ-ਮਹੱਲਾ ਪੁਰਬ ਦੀ ਸ਼ੁਰੂਆਤ ੨੪ ਮਾਰਚ ਨੂੰ ਗੁਰਦੁਆਰਾ ਪਾਤਾਲਪੁਰੀ ਸਾਹਿਬ ਵਿਖੇ ਅਰਦਾਸ ਮਗਰੋਂ ਜੈਕਾਰਿਆਂ ਦੀ ਗੂੰਜ ਨਾਲ ਹੋਈ। ਇਸ ਦਿਨ ਗੁਰਦੁਆਰਾ ਪਾਤਾਲਪੁਰੀ ਸਾਹਿਬ ਸਮੇਤ ਵੱਖ-ਵੱਖ ਗੁਰਦੁਆਰਿਆਂ ਚ ਅਖੰਡ ਪਾਠ ਸਾਹਿਬ ਆਰੰਭ ਹੋਏ ਜਿਨ੍ਹਾਂ ਦੇ ਭੋਗ ੨੬ ਮਾਰਚ ਨੂੰ ਪਏ। ੨੭ ਮਾਰਚ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰਦਾਸ ਮਗਰੋਂ ਹੋਲੇ ਮਹੱਲੇ ਦੀ ਸ਼ੁਰੂਆਤ ਪੂਰੇ ਜਾਹੋ-ਜਲਾਲ ਨਾਲ ਹੋਈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਇਤਿਹਾਸਕ ਅਸਥਾਨਾਂ ਤੇ ਪਹਿਲੇ ਹੀ ਦਿਨ ਤੋਂ ਸੰਗਤਾਂ ਦੀ ਆਮਦ ਸ਼ੁਰੂ ਹੋ ਗਈ। ਸ਼ੁਰੂ ਸ਼ੁਰੂ 'ਚ ਸੰਗਤਾਂ ਦੀ ਆਮਦ ਘੱਟ ਸੀ ਪਰ ਅਗਲੇ ਦਿਨਾਂ 'ਚ ਵੱਡੀ ਗਿਣਤੀ 'ਚ ਸੰਗਤਾਂ ਨੇ ਪਵਿੱਤਰ ਸਰੋਵਰਾਂ 'ਚ ਇਸ਼ਨਾਨ ਕੀਤੇ ਅਤੇ ਗੁਰ-ਅਸਥਾਨਾਂ ਤੇ ਹਾਜ਼ਰੀ ਭਰੀ। ਆਖਰੀ ਦਿਨ ਸ਼੍ਰੋਮਣੀ ਕਮੇਟੀ ਅਤੇ ਨਿਹੰਗ ਸਿੰਘਾਂ ਵਲੋਂ ਮਹੱਲਾ ਕਢਿਆ ਗਿਆ ਜਿਸ ਵਿਚ ਹੋਲੇ-ਮਹੱਲੇ ਦੀ ਪਰੰਪਰਕ ਭਾਵਨਾ ਦਾ ਜਲੋ ਵੇਖਣ ਨੂੰ ਮਿਲਿਆ। ਇਸ ਵਿਚ ਨਿਹੰਗ ਸਿੰਘਾਂ ਵਲੋਂ ਸਿੱਖ ਮਾਰਸ਼ਲ ਆਰਟ ਗਤਕੇ ਦੇ ਜ਼ੋਹਰ ਵਿਖਾਏ ਗਏ।

## ਗੁਰਦੁਆਰਾ ਸੀਸ ਗੰਜ ਸਾਹਿਬ ਵਿਚ ਨਵੇਂ ਲੰਗਰ ਹਾਲ ਅਤੇ ਰਸੋਈ ਦਾ ਉਦਘਾਟਨ

ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਵੀਂ ਤਿਆਰ ਕੀਤੀ ਰਸੋਈ ਅਤੇ ਲੰਗਰ ਹਾਲ ਦਾ ਉਦਘਾਟਨ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵਲੋਂ ਕੀਤਾ ਗਿਆ। ਅੱਤ-ਆਧੁਨਿਕ ਮਸ਼ੀਨਰੀ ਨਾਲ ਲੈਸ ਇਸ ਰਸੋਈ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਲਈ ਥੋੜੇ ਸਮੇਂ 'ਚ ਲੰਗਰ ਤਿਆਰ ਕੀਤਾ ਜਾ ਸਕਦਾ ਹੈ।

## ਅਮਰੀਕਾ ਦੇ ਸੂਬੇ ਕਨੈਕਟੀਕਟ ਵਿਚ 'ਨਿਸ਼ਾਨ ਸਾਹਿਬ' ਨੂੰ ਮਾਨਤਾ

ਅਮਰੀਕਾ ਦੇ ਸੂਬੇ ਕਨੈਕਟੀਕਟ ਵਿਚ ਸਿੱਖ ਧਰਮ ਦੇ ਝੰਡੇ 'ਨਿਸ਼ਾਨ ਸਾਹਿਬ' ਅਤੇ ਸਿੱਖ ਇਤਿਹਾਸਕ ਦਿਵਸ ੧੧ ਮਾਰਚ ਜਿਸ ਦਿਨ ਸ. ਬਘੇਲ ਸਿੰਘ ਨੇ ਲਾਲ ਕਿਲੇ ਤੇ ਝੰਡਾ ਫਹਿਰਾਇਆ ਸੀ, ਨੂੰ 'ਸਿੱਖ ਝੰਡਾ ਦਿਵਸ' ਵਜੋਂ ਮਾਨਤਾ ਦਿੱਤੀ ਗਈ ਹੈ। ਇਸ ਦਾ ਖੁਲਾਸਾ ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਕੋਆਰਡੀਨੇਟਰ ਕਮੇਟੀ ਦੇ ਸਿੱਖ ਆਗੂਆਂ ਵਲੋਂ ਕੀਤਾ ਗਿਆ ਹੈ। ਇਸ ਨਾਲ ਅਮਰੀਕਾ 'ਚ ਵੱਸਦੇ ਸਿੱਖ ਭਾਈਚਾਰੇ 'ਚ ਖੁਸ਼ੀ ਦੀ ਲਹਿਰ ਹੈ। ਹੈਮਡੇਨ ਦੇ ਗੁਰਦਵਾਰੇ ਵਿਚ ਨੌਰਵਿਚ ਸ਼ਹਿਰ ਦੇ ਮੇਅਰ ਪੀਟਰ ਨਾਈਸਟਰੋਮ, ਅਸੈਂਬਲੀ ਮੈਂਬਰ ਕੇਵਿਨ ਰਿਆਨ ਤੇ ਹੋਰਨਾਂ ਨੇ ਇਸ ਸੰਬੰਧੀ ਮਾਨਤਾ ਪੱਤਰ ਪੜ੍ਹਿਆ ਅਤੇ ਨਿਸ਼ਾਨ ਸਾਹਿਬ ਚੜ੍ਹਾਇਆ ਤੇ ਸਿੱਖ ਭਾਈਚਾਰੇ ਦੀ ਪ੍ਰਸੰਸਾ ਵੀ ਕੀਤੀ।

## ਆਸਟਰੇਲੀਆ ਦੀ ਸਰਕਾਰ ਨੇ ਪਹਿਲੇ ਸਿੱਖ ਸਕੂਲ ਨੂੰ ਮੰਜੂਰੀ ਦਿੱਤੀ

ਆਸਟਰੇਲੀਆ ਦੀ ਸਰਕਾਰ ਨੇ ਸਿਡੇਨ 'ਚ ਪਹਿਲੇ ਸਿੱਖ ਸਕੂਲ ਦੇ ਨਿਰਮਾਣ ਦੀ ਮੰਜੂਰੀ ਦੇ ਦਿੱਤੀ ਹੈ। ਸਿੱਖ ਭਾਈਚਾਰੇ ਦੇ ਨੇਤਾ ਉਮੀਦ ਕਰਦੇ ਹਨ ਕੀ ਇਥੋਂ ਭਵਿੱਖ 'ਚ ਭਾਰਤੀ-ਆਸਟਰੇਲੀਆਈ ਜੱਜ, ਨੇਤਾ ਅਤੇ ਖਿਡਾਰੀ ਪੈਦਾ ਹੋਣਗੇ। ਜਾਣਕਾਰੀ ਮੁਤਾਬਿਕ ਇਹ ਸਕੂਲ ਕਿੰਡਰਗਾਰਟਨ ਤੋਂ ੧੨ ਵੀਂ ਤਕ ਦੇ ਵਿਦਿਆਰਥੀਆਂ ਨੂੰ ਤਾਲੀਮਸ਼ੁਦਾ ਕਰੇਗਾ ਅਤੇ ਇਸ ਵਿਚ ਬੋਰਡਿੰਗ ਸਹੂਲਤਾਂ, ਖੇਡ-ਮੈਦਾਨ ਅਤੇ ਗੁਰਦੁਆਰਾ ਹੋਵੇਗਾ। ਇਸ ਤੇ ਅੰਦਾਜ਼ਨ 200 ਮੀਲੀਅਨ ਡਾਲਰ ਦੀ ਲਾਗਤ ਆਏਗੀ। ਇਸ ਰਾਸ਼ੀ ਨੂੰ ਸਿੱਖ ਭਾਈਚਾਰਾ ਜੁਟਾਏਗਾ।